# ਮੁਗਲ ਸਾਮਰਾਜ
# ਦੇ
# ਪਤਨ ਦੇ ਕਾਰਨ

# Causes of
# The
# Downfall of Mughal Empire

# ਜਾਣ ਪਹਿਚਾਣ
# (Introduction)

- ਬੇਸ਼ੱਕ ਮੁਗਲ ਸਾਮਰਾਜ ਦੇ ਪਤਨ ਲਈ ਮੁੱਖ ਰੂਪ ਵਿੱਚ ਔਰੰਗਜੇਬ ਦੇ ਕਮਜ਼ੋਰ ਉੱਤਰਾਧਿਕਾਰੀਆਂ ਸਮੇਂ ਵਾਪਰੀਆਂ ਘਟਨਾਵਾਂ ਹੀ ਜਿੰਮੇਵਾਰ ਸਨ, ਪਰ ਉਸਤੋਂ ਪਹਿਲਾਂ ਵੀ ਸਾਮਰਾਜ ਵਿੱਚ ਅੰਦਰੂਨੀ ਤਰੁੱਟੀਆਂ ਪਾਈਆਂ ਜਾਂਦੀਆਂ ਸਨ ਜੋ ਇਸਦੇ ਪਤਨ ਦਾ ਮੌਲਿਕ ਕਾਰਨ ਬਣੀਆਂ।
- ਔਰੰਗਜੇਬ (1658–1707 ਈ.) ਨੇ ਆਪਣੀਆਂ ਰਾਜਨੀਤਿਕ ਭੁੱਲਾਂ ਅਤੇ ਮੂਰਖਤਾਪੂਰਨ ਕਾਰਜਾਂ ਨਾਲ਼ ਵੀ ਸਾਮਰਾਜ ਨੂੰ ਪਤਨ ਵੱਲ ਤੋਰਿਆ।

# ਜਾਣ ਪਹਿਚਾਣ
# (Introduction)

ਮੁਗਲ ਸਾਮਰਾਜ ਦੇ ਪਤਨ ਦੇ ਕਾਰਨਾਂ ਨੂੰ ਮੁੱਖ ਤੌਰ ਤੇ ਹੇਠ ਲਿਖੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

1) ਮੁਗਲ ਸਾਮਰਾਜ ਦੀਆਂ ਅੰਦਰੂਨੀ ਕਮਜ਼ੋਰੀਆਂ ਜਾਂ ਮੌਲਿਕ ਕਾਰਨ (Inherent weaknesses of Mughal Empire or underlying causes)
2) ਮੁਗਲ ਸਾਮਰਾਜ ਦੇ ਪਤਨ ਵਿੱਚ ਔਰੰਗਜੇਬ ਦੀ ਜਿੰਮੇਵਾਰੀ (Responsibility of Aurangzeb in the Downfall of Mughal Empire)
3) 1707 ਈ. ਤੋਂ ਬਾਅਦ ਪਤਨ ਦੇ ਕਾਰਨ (Causes of downfall after 1707)

# ਮੌਲਿਕ ਕਾਰਨ


# Underlying Causes

# ਮੁਗਲ ਸਾਮਰਾਜ ਦੀਆਂ ਅੰਦਰੂਨੀ ਕਮਜ਼ੋਰੀਆਂ (Inherent Weaknesses of Mughal Empire)

"The seeds of the dissolution of the Mughal Empire were embodied in its very edifice and had long been sapping the foundations of the Empire"

- Jadunath Sarkar

ਪ੍ਰੋ. ਜਾਦੂਨਾਥ ਸਰਕਾਰ ਦੇ ਕਥਨ ਅਨੁਸਾਰ "ਮੁਗਲ ਸਾਮਰਾਜ ਦੇ ਪਤਨ ਦੇ ਬੀਜ ਉਸਦੀ ਉਸਾਰੀ ਵੇਲ਼ੇ ਹੀ ਬੀਜੇ ਗਏ ਅਤੇ ਉਹ ਸਾਮਰਾਜ ਦੀਆਂ ਜੜਾਂ ਨੂੰ ਕਾਫੀ ਦੇਰ ਤੋਂ ਖੋਖਲਾ ਕਰ ਰਹੇ ਸਨ"।



# ਮੁਗਲਾਂ ਦਾ ਤਾਨਾਸ਼ਾਹੀ ਰਾਜ
# (Despotic Rule of the Mughals)

ਮੁਗਲ ਸਮਰਾਟਾਂ ਨੇ ਤਾਨਾਸ਼ਾਹੀ ਰਾਜ ਦੀ ਸਥਾਪਨਾ ਕੀਤੀ ਸੀ। ਇਸ ਵਿੱਚ ਸਾਰੀਆਂ ਸ਼ਕਤੀਆਂ ਸਮਰਾਟ ਦੇ ਹੱਥਾਂ ਵਿੱਚ ਹੁੰਦੀਆਂ ਸਨ। ਉਸਦਾ ਸ਼ਬਦ ਹੀ ਕਾਨੂੰਨ ਹੁੰਦਾ ਸੀ, ਅਤੇ ਉਸ ਇਸਨੂੰ ਸ਼ਕਤੀ ਦੇ ਸਹਾਰੇ ਲਾਗੂ ਕਰਵਾਉਂਦਾ ਸੀ ਅਤੇ ਭੰਗ ਕਰਨ ਵਾਲ਼ਿਆਂ ਨੂੰ ਸਜ਼ਾਵਾਂ ਦਿੰਦਾ ਸੀ।

ਸੈਨਾ ਦਾ ਸਭ ਤੋਂ ਵੱਡਾ ਮੁਖੀ ਵੀ ਸਮਰਾਟ ਆਪ ਸੀ। ਰਾਜ ਪ੍ਰਬੰਧ ਵਿੱਚ ਉਸਦੀ ਸਹਾਇਤਾ ਕਰਨ ਲਈ ਬਹੁਤ ਸਾਰੇ ਮੰਤਰੀ ਹੁੰਦੇ ਸਨ, ਪ੍ਰੰਤੂ ਉਹ ਸਾਰੇ ਉਸਦੇ ਹੁਕਮ ਅਨੁਸਾਰ ਹੀ ਕੰਮ ਕਰਦੇ ਸਨ।

ਅਜਿਹਾ ਤਾਨਾਸ਼ਾਹੀ ਰਾਜ ਸਥਾਈ ਨਹੀਂ ਹੋ ਸਕਦਾ। ਕਿਉਂਕਿ ਇਸਦੀ ਸਥਿਰਤਾ ਸਮਰਾਟ ਦੇ ਵਿਅਕਤੀਗਤ ਗੁਣਾਂ ਉੱਤੇ ਨਿਰਭਰ ਕਰਦੀ ਹੈ। ਜਦੋਂ ਤੱਕ ਵਾਗਡੋਰ ਯੋਗ ਸਮਰਾਟਾਂ ਦੇ ਹੱਥਾਂ ਵਿੱਚ ਰਹੀ, ਤਦ ਤੱਕ ਸਾਮਰਾਜ ਸੁਰੱਖਿਅਤ ਰਿਹਾ। ਪਰ ਦੁਰਬਲ ਸਮਰਾਟਾਂ ਅਧੀਨ ਇਸਦਾ ਪਤਨ ਨਿਸ਼ਚਿਤ ਹੋ ਗਿਆ।

# ਪਿੱਤਰੀ ਪ੍ਰਣਾਲ਼ੀ
# (Hereditary Rule of the Mughals)

ਮੁਗਲ ਸਾਮਰਾਜ ਵਿੱਚ ਪਿੱਤਰੀ ਪ੍ਰਣਾਲ਼ੀ ਪ੍ਰਚੱਲਿਤ ਸੀ। ਕਿਉਂਕਿ ਸਮਰਾਟ ਦੀ ਮੌਤ ਪਿੱਛੋਂ ਉਸਦਾ ਪੁੱਤਰ ਰਾਜਗੱਦੀ ਤੇ ਬੈਠਦਾ ਸੀ, ਭਾਵੇਂ 1526 ਈ. ਤੋਂ 1707 ਈ. ਤੱਕ ਸਾਰੇ ਮੁਗਲ ਸਮਰਾਟ ਯੋਗ ਸਾਬਿਤ ਹੋਏ, ਜਿਹਨਾਂ ਨੇ ਸਾਮਰਾਜ ਦੀ ਸਥਿਰਤਾ ਨੂੰ ਕਾਇਮ ਰੱਖਿਆ ਅਤੇ ਇਸਦੇ ਗੌਰਵ ਵਿੱਚ ਵਾਧਾ ਕੀਤਾ। ਫਿਰ ਵੀ ਪਿੱਤਰੀ ਪ੍ਰਣਾਲ਼ੀ ਤੋਂ ਸਦਾ ਯੋਗ ਸ਼ਾਸਕਾਂ ਦੀ ਆਸ ਨਹੀਂ ਕੀਤੀ ਜਾ ਸਕਦੀ।

ਔਰੰਗਜੇਬ ਤੋਂ ਬਾਅਦ ਦੇ ਜ਼ਿਆਦਾਤਰ ਸਮਰਾਟ ਅਯੋਗ ਸਨ, ਪਰ ਪਿੱਤਰੀ ਪ੍ਰਣਾਲ਼ੀ ਦੇ ਅਨੁਸਾਰ ਉਹਨਾਂ ਦਾ ਰਾਜਗੱਦੀ ਉੱਤੇ ਵਾਸਤਵਿਕ ਅਧਿਕਾਰ ਸੀ। ਇਹ ਦੋਸ਼ਪੂਰਣ ਪਿੱਤਰੀ ਪ੍ਰਣਾਲ਼ੀ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਵੱਡਾ ਮੌਲਿਕ ਕਾਰਨ ਸਾਬਤ ਹੋਈ।

# ਉੱਤਰਾਧਿਕਾਰ ਸੰਬੰਧੀ ਲੜਾਈ–ਝਗੜੇ
# (Conflicts for Succession)

ਮੁਗਲ ਖਾਨਦਾਨ ਵਿੱਚ ਉੱਤਰਾਧਿਕਾਰ ਸੰਬੰਧੀ ਕੋਈ ਨਿਸ਼ਚਿਤ ਨਿਯਮ ਨਹੀਂ ਸੀ। ਹਰੇਕ ਰਾਜਕੁਮਾਰ ਆਪਣੇ–ਆਪ ਨੂੰ ਰਾਜਗੱਦੀ ਦਾ ਅਧਿਕਾਰੀ ਸਮਝਦਾ ਸੀ। ਇਸ ਲਈ ਮੁਗਲ ਸਮਰਾਟ ਦੀ ਮੌਤ ਪਿੱਛੋਂ ਜਾਂ ਉਸਦੇ ਜਿਉਂਦਿਆਂ ਹੀ ਅਕਸਰ ਰਾਜਕੁਮਾਰਾਂ ਵਿੱਚ ਰਾਜਗੱਦੀ ਪ੍ਰਾਪਤ ਕਰਨ ਲਈ ਲੜਾਈ–ਝਗੜੇ ਹੁੰਦੇ ਰਹਿੰਦੇ ਸਨ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਰਾਜਗੱਦੀ ਲਈ ਕੋਈ ਰਿਸ਼ਤੇਦਾਰੀ ਨਹੀਂ (Kingship knows no kinship).

ਰਾਜਕੁਮਾਰ ਰਾਜਗੱਦੀ ਲਈ ਬੜੇ ਉਤਸ਼ਾਹ ਨਾਲ਼ ਲੜਦੇ ਸਨ, ਕਿਉਂਕਿ ਜੇ ਤਖਤ ਨਾ ਮਿਲਿਆ ਤਾਂ ਤਖਤਾ ਮਿਲੇਗਾ।

- ਬਾਬਰ ਦੀ ਮੌਤ ਪਿੱਛੋਂ ਉਸਦਾ ਲੜਕਾ ਹੁਮਾਯੂੰ ਰਾਜਗੱਦੀ ਤੇ ਬੈਠਿਆ ਤਾਂ ਉਸਦੇ ਤਿੰਨ ਭਰਾਵਾਂ– ਕਾਮਰਾਨ, ਅਸਕਰੀ, ਅਤੇ ਹਿੰਦਾਲ ਨੇ ਬਗਾਵਤ ਕੀਤੀ।
- ਅਕਬਰ ਦੇ ਸਮੇਂ ਉਸਦੇ ਪੁੱਤਰ ਸਲੀਮ ਨੇ ਬਗਾਵਤ ਕੀਤੀ।
- ਜਹਾਂਗੀਰ ਦੇ ਸਮੇਂ ਪਹਿਲਾਂ ਖੁਸਰੋ ਅਤੇ ਫਿਰ ਸਾਹਜਹਾਨ ਨੇ ਬਗਾਵਤ ਕੀਤੀ।
- ਇਸੇ ਤਰਾਂ ਔਰੰਗਜੇਬ ਨੂੰ ਤਖਤ ਅਤੇ ਉਸਦੇ ਤਿੰਨੇ ਭਰਾਵਾਂ ਨੂੰ ਤਖਤੇ ਪ੍ਰਾਪਤ ਹੋਏ।
- ਇਸੇ ਤਰਾਂ ਔਰੰਗਜੇਬ ਦੀ ਮੌਤ ਤੋਂ ਬਾਅਦ ਉਸਦਾ ਲੜਕਾ ਬਹਾਦਰ ਸ਼ਾਹ ਉੱਤਰਾਧਿਕਾਰ ਯੁੱਧ ਵਿੱਚ ਸਫਲ ਰਿਹਾ।

ਇਸ ਤਰਾਂ ਅਸੀਂ ਵੇਖਦੇ ਹਾਂ ਕਿ ਉੱਤਰਾਧਿਕਾਰ ਸੰਬੰਧੀ ਹੋਏ ਲੜਾਈ–ਝਗੜਿਆਂ ਨੇ ਮੁਗਲ ਸਾਮਰਾਜ ਦੀ ਸ਼ਕਤੀ ਨੂੰ ਖਤਮ ਕਰਨ ਦੇ ਵਿੱਚ ਬੜਾ ਵੱਡਾ ਹਿੱਸਾ ਪਾਇਆ।

# ਮੁਗਲ ਰਾਜ: ਇੱਕ ਪੁਲਿਸ ਰਾਜ
# (Mughal State: A Police State)

"The Mughal Government was a Police Government"- A. L. Srivastava

ਡਾ. ਏ. ਐਲ. ਸ੍ਰੀਵਾਸਤਵਾ ਦੇ ਅਨੁਸਾਰ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਮੁੱਖ ਕਾਰਨ ਮੁਗਲਾਂ ਦੇ ਰਾਜ ਦਾ ਇੱਕ ਪੁਲਿਸ ਰਾਜ ਹੋਣਾ ਸੀ। ਮੁਗਲ ਸਾਸ਼ਕਾਂ ਨੇ ਸੈਨਾਂ ਦੀ ਸ਼ਕਤੀ ਤੇ ਆਧਾਰਿਤ ਸਾਮਰਾਜ ਦੀ ਨੀਂਹ ਰੱਖੀ ਸੀ ਅਤੇ ਇਸਨੂੰ ਸੈਨਾਂ ਦੀ ਸਹਾਇਤਾ ਨਾਲ਼ ਹੀ ਕਾਇਮ ਰੱਖਣ ਦਾ ਯਤਨ ਕੀਤਾ।



# ਇੱਕ ਪੁਲਿਸ ਰਾਜ: ਜਨਤਕ ਭਲਾਈ ਲਈ ਕੋਈ ਥਾਂ ਨਹੀਂ
# (A Police State: No Place for Public Welfare)



"Nation at large was no better than human sheep"- Jadunath Sakrar

ਪ੍ਰੋ. ਜਾਦੂਨਾਥ ਸਰਕਾਰ ਦੇ ਸ਼ਬਦਾਂ ਵਿੱਚ "ਉਹਨਾਂ ਨੇ ਜਨਤਾ ਨੂੰ ਮਾਨਵ ਰੂਪੀ ਭੇਡਾਂ ਤੋਂ ਚੰਗੇਰਾ ਨਾ ਸਮਝਿਆ"।

ਅਕਬਰ ਤੋਂ ਬਿਨਾਂ ਕਿਸੇ ਵੀ ਮੁਗਲ ਸਮਰਾਟ ਨੇ ਨਾ ਤਾਂ ਪਰਜਾ ਦੀ ਭਲਾਈ ਵੱਲ ਧਿਆਨ ਦਿੱਤਾ ਅਤੇ ਨਾ ਹੀ ਹਿੰਦੂਆਂ ਨੂੰ ਪੂਰੀ ਧਾਰਮਿਕ ਆਜ਼ਾਦੀ ਦਿੱਤੀ। ਮੁਗਲ ਇਸ ਸਿਧਾਂਤ ਨੂੰ ਨਹੀਂ ਸਮਝ ਸਕੇ ਕਿ ਸਾਮਰਾਜ ਦੀ ਸਥਿਰਤਾ ਪਰਜਾ ਦੀ ਖੁਸ਼ਹਾਲੀ ਅਤੇ ਸੁਖ ਉੱਤੇ ਨਿਰਭਰ ਕਰਦੀ ਹੈ।

- ਜਹਾਂਗੀਰ ਅਤੇ ਸ਼ਾਹਜਹਾਂ ਐਸ਼ੋ-ਇਸ਼ਰਤ ਵਿੱਚ ਲੱਗੇ ਰਹੇ ਅਤੇ ਔਰੰਗਜੇਬ ਲੜਾਈਆਂ ਵਿੱਚ ਰੁੱਝਿਆ ਰਿਹਾ।

ਇਸੇ ਕਰਕੇ ਮੁਗਲ ਸ਼ਾਸਕਾਂ ਨੂੰ ਸੰਕਟ ਦੇ ਸਮੇਂ ਪਰਜਾ ਦਾ ਸਹਿਯੋਗ ਪ੍ਰਾਪਤ ਨਾ ਹੋ ਸਕਿਆ। ਜਿਸ ਕਰਕੇ ਇਸਦੀ ਸਥਿਰਤਾ ਨੂੰ ਕਾਇਮ ਨਾ ਰੱਖਿਆ ਜਾ ਸਕਿਆ।

# ਮੁਗਲ ਸਰਦਾਰਾਂ ਦੀ ਇਖਲਾਕੀ ਗਿਰਾਵਟ (Degeneration of Mughal Nobility)

ਅਕਬਰ, ਜਹਾਂਗੀਰ, ਅਤੇ ਸ਼ਾਹਜਹਾਂ ਦੇ ਸਮੇਂ ਬੈਰਮ ਖਾਂ, ਮੁਜੱਫਰ ਖਾਂ, ਮੁਹਾਬਤ ਖਾਂ, ਆਸਿਫ ਖਾਂ ਆਦਿ ਮੁਗਲ ਸਰਦਾਰਾਂ ਨੇ ਮੁਗਲ ਸਾਮਰਾਜ ਦੀ ਸ਼ਕਤੀ ਅਤੇ ਮਾਣ ਨੂੰ ਵਧਾਉਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ। ਪ੍ਰੰਤੂ ਮੁਗਲ ਬਾਦਸ਼ਾਹ ਔਰੰਗਜੇਬ ਅਤੇ ਉਸਤੋਂ ਬਾਅਦ ਦੇ ਮੁਗਲ ਬਾਦਸ਼ਾਹਾਂ ਦੇ ਸਮੇਂ ਮੁਗਲ ਸਰਦਾਰਾਂ ਦੇ ਵਿੱਚ ਇਖਲਾਕੀ ਗਿਰਾਵਟ ਆ ਚੁੱਕੀ ਸੀ। ਧਨ-ਦੌਲਤ ਅਤੇ ਐਸ਼-ਪ੍ਰਸਤੀ ਨੇ ਉਹਨਾਂ ਨੂੰ ਆਪਣੇ ਫਰਜ਼ ਭੁਲਾ ਦਿੱਤੇ ਸਨ ਅਤੇ ਉਹ ਬਹੁਤਾ ਸਮਾਂ ਸ਼ਰਾਬ ਪੀਣ ਅਤੇ ਇਸਤਰੀਆਂ ਦੀ ਸੰਗਤ ਵਿੱਚ ਰੰਗ-ਰਲ਼ੀਆਂ ਮਨਾਉਣ ਵਿੱਚ ਲੱਗੇ ਰਹਿੰਦੇ ਸਨ।

ਪ੍ਰੋ. ਸਰਕਾਰ ਦੇ ਕਥਨ ਅਨੁਸਾਰ "ਜੇ ਕਿਸੇ ਸਰਦਾਰ ਦੀਆਂ ਸਫਲਤਾਵਾਂ ਤਿੰਨ ਸਫਿਆਂ ਵਿੱਚ ਦੱਸੀਆਂ ਜਾਂਦੀਆਂ ਸਨ ਤਾਂ ਉਸਤੇ ਪੁੱਤਰ ਦੀਆਂ ਮੁਸ਼ਕਿਲ ਨਾਲ਼ ਇੱਕ ਸਫਾ ਲੈਂਦੀਆਂ ਸਨ, ਅਤੇ ਉਸਦੇ ਪੋਤਰੇ ਬਾਰੇ ਸਿਰਫ ਕੁੱਝ ਕੁ ਇਸ ਤਰਾਂ ਦੀਆਂ ਸਤਰਾਂ ਲਿਖ ਕੇ ਭੋਗ ਪਾ ਦਿੱਤਾ ਜਾਂਦਾ ਸੀ: ਉਸਨੇ ਕੁੱਝ ਵੀ ਵਰਣਨਯੋਗ ਕੰਮ ਨਹੀਂ ਕੀਤਾ"

"If a nobleman's achievements were mentioned in three pages, his son's usually occupied nearly one page, and the grandson was dismissed in a few lines such as such as these: He did nothing worthy of being recorded"- Jadunath Sarkar.

# ਮਨਸਬਦਾਰੀ ਸੈਨਿਕ ਪ੍ਰਬੰਧ ਦੀ ਅਸਫਲਤਾ
# (Failure of Mansabdari Military System)

- ਅਕਬਰ ਨੇ ਮਨਸਬਦਾਰੀ ਪ੍ਰਣਾਲ਼ੀ ਦੇ ਮੁਤਾਬਿਕ ਮੁਗਲ ਸੈਨਾਂ ਦਾ ਸੰਗਠਨ ਕੀਤਾ ਸੀ, ਪਰ ਇਹ ਪ੍ਰਣਾਲ਼ੀ ਦੋਸ਼ਪੂਰਨ ਸੀ। ਕਿਉਂਕਿ ਇਸ ਵਿੱਚ ਸਮਰਾਟ ਦਾ ਇੱਕ ਆਮ ਸੈਨਿਕ ਨਾਲ਼ ਕੋਈ ਸੰਬੰਧ ਨਹੀਂ ਹੁੰਦਾ ਸੀ ਅਤੇ ਸੈਨਿਕ ਆਪੋ-ਆਪਣੇ ਮਨਸਬਦਾਰ ਨੂੰ ਹੀ ਆਪਣੇ ਮਾਲਕ ਸਮਝਦੇ ਸਨ।
- ਵੱਖ-ਵੱਖ ਸਰਦਾਰਾਂ ਦੁਆਰਾ ਭੇਜੇ ਸੈਨਿਕ ਇੱਕ-ਦੂਜੇ ਨਾਲ਼ ਮਿਲ ਕੇ ਕੁਸ਼ਲਤਾਪੂਰਵਕ ਨਹੀਂ ਲੜ ਸਕਦੇ ਸਨ। ਪਰ ਅਕਬਰ ਨੇ ਇਸਦੇ ਦੋਸ਼ਾਂ ਦੇ ਬਾਵਜੂਦ ਸੈਨਾਂ ਨੂੰ ਮਜ਼ਬੂਤ ਬਣਾ ਕੇ ਕੰਟਰੋਲ ਵਿੱਚ ਰੱਖਿਆ। ਪਰ ਬਾਅਦ ਵਿੱਚ ਮਨਸਬਦਾਰਾਂ ਦੀ ਸ਼ਕਤੀ ਬਹੁਤ ਵੱਧ ਗਈ ਅਤੇ ਸਾਮਰਾਜ ਦੀ ਸੈਨਾਂ ਕਮਜ਼ੋਰ ਹੋ ਗਈ।
- ਮਨਸਬਦਾਰ ਸਰਕਾਰ ਨੂੰ ਧੋਖਾ ਦੇਣ ਲੱਗ ਪਏ। ਉਹ ਆਪਣੇ ਕੋਲ਼ ਨਿਸ਼ਚਿਤ ਗਿਣਤੀ ਵਿੱਚ ਸੈਨਾਂ ਅਤੇ ਘੋੜਸਵਾਰ ਨਹੀਂ ਰੱਖਦੇ ਸਨ।
- ਜਹਾਂਗੀਰ, ਸ਼ਾਹਜਹਾਂ, ਅਤੇ ਔਰੰਗਜੇਬ ਦੇ ਸਮੇਂ ਮਨਸਬਦਾਰਾਂ ਨੇ ਸਮਰਾਟ ਵਿਰੁੱਧ ਵਿਦਰੋਹ ਵੀ ਕੀਤੇ।
- ਭੋਗ-ਵਿਲਾਸ ਦੀ ਆਦਤ ਨੇ ਸੈਨਿਕਾਂ ਵਿੱਚੋਂ ਵੀਰਤਾ ਅਤੇ ਉਤਸ਼ਾਹ ਨੂੰ ਖਤਮ ਕਰ ਦਿੱਤਾ।
- ਮੁਗਲ ਸੈਨਾਂ ਵਿੱਚ ਇੱਕ ਵੱਡਾ ਦੋਸ਼ ਹੋਰ ਆ ਗਿਆ ਕਿ ਮਨਸਬਦਾਰਾਂ ਅਤੇ ਸਰਦਾਰਾਂ ਨੇ ਆਪਣੇ ਪਰਿਵਾਰਾਂ ਸਮੇਤ ਰਣ-ਖੇਤਰ ਵਿੱਚ ਜਾਣਾਂ ਆਰੰਭ ਕਰ ਦਿੱਤਾ।

# ਦਰਬਾਰੀਆਂ ਵਿੱਚ ਖਿੱਚੋ-ਤਾਣ
# (Factionalism Amongst the Court Officials )

- ਮੁਗਲ ਦਰਬਾਰ ਵਿੱਚ ਵੱਖ-ਵੱਖ ਧਰਮਾਂ, ਜਾਤੀਆਂ ਦੇ ਸਰਦਾਰ ਸਨ, ਜਿਵੇਂ ਕਿ ਮੰਗੋਲ, ਤੁਰਕ, ਇਰਾਨੀ, ਅਫਗਾਨੀ, ਰਾਜਪੂਤ ਆਦਿ। ਇਹਨਾਂ ਵਿੱਚ ਕੁੱਝ ਮੁਸਲਮਾਨ ਸਨ, ਕੁੱਝ ਹਿੰਦੂ ਸਨ; ਕੁੱਝ ਸੂੰਨੀ ਸਨ ਅਤੇ ਕੁੱਝ ਸ਼ੀਆ।
- ਇਹਨਾਂ ਸਾਰਿਆਂ ਸਰਦਾਰਾਂ ਵਿੱਚ ਜਾਤੀ, ਅਤੇ ਧਰਮ ਆਦਿ ਦੇ ਆਧਾਰਾਂ ਤੇ ਧੜੇਬੰਦੀਆਂ ਸਨ। ਇਹ ਇੱਕ-ਦੂਜੇ ਵਿਰੁੱਧ ਸਾਜਿਸ਼ਾਂ ਕਰਦੇ ਰਹਿੰਦੇ ਸਨ। ਇਹਨਾ ਦੀਆਂ ਸਾਜਿਸ਼ਾਂ ਕਰਕੇ ਮੁਗਲ ਦਰਬਾਰ ਇੱਕ ਅਖਾੜਾ ਬਣ ਚੁੱਕਿਆ ਸੀ। ਔਰੰਗਜੇਬ ਤੋਂ ਬਾਅਦ ਦੇ ਹਾਕਮਾਂ ਦੇ ਸਮੇਂ ਧੜੇਬੰਦੀ ਹੋਰ ਜ਼ਿਆਦਾ ਹੋ ਗਈ। ਕੁੱਝ ਧੜਿਆਂ ਦੇ ਸਰਦਾਰਾਂ ਨੇ ਵਿਰੋਧੀਆਂ ਦੀ ਸ਼ਕਤੀ ਨੂੰ ਖਤਮ ਕਰਨ ਲਈ ਵਿਦੇਸ਼ੀ ਹਮਲਾਵਰਾਂ ਨਾਲ਼ ਗਠਜੋੜ ਤੱਕ ਕਰਨੇ ਸ਼ੁਰੂ ਕਰ ਦਿੱਤੇ।
- ਇਸ ਧੜੇਬੰਦੀ ਕਾਰਨ ਸਾਮਰਾਜ ਦਾ ਵਿਘਟਨ ਹੋਇਆ।

# ਮੁਗਲ ਦਰਬਾਰ ਵਿੱਚ ਆਰਥਿਕ ਸੰਕਟ
# (Economic Crisis in the Mughal Court)

ਅਕਬਰ ਨੇ ਰਾਜ-ਪ੍ਰਬੰਧ ਦੇ ਵਿੱਚ ਵਿੱਤ ਦੀ ਮਹੱਤਤਾ ਨੂੰ ਸਮਝਦੇ ਹੋਏ ਆਪਣੇ ਮੰਤਰੀ ਟੋਡਰ ਮੱਲ ਦੀ ਸਹਾਇਤਾ ਦੇ ਨਾਲ਼ ਵਧੀਆ ਅਤੇ ਕੁਸ਼ਲ ਵਿੱਤੀ ਢਾਂਚਾ ਸੰਗਠਿਤ ਕੀਤਾ ਹੋਇਆ ਸੀ, ਜਿਸਦੇ ਸਿੱਟੇ ਵਜੋਂ ਲੋਕਾਂ ਦੀ ਮਾਲੀ ਹਾਲਤ ਚੰਗੀ ਹੋ ਗਈ ਅਤੇ ਕਿਸਾਨ ਵੀ ਖੁਸ਼ਹਾਲ ਹੋ ਗਏ।

ਅਕਬਰ ਤੋਂ ਬਾਅਦ ਉਸਦੇ ਉੱਤਰਾਧਿਕਾਰੀਆਂ ਨੇ ਵਿੱਤੀ ਪ੍ਰਬੰਧ ਵੱਲ ਬਹੁਤਾ ਧਿਆਨ ਨਾ ਦਿੱਤਾ। ਮਾਲੀਆ ਦਰਾਂ ਵਿੱਚ ਵਾਧਾ ਕਰ ਦਿੱਤਾ ਗਿਆ। ਸਰਕਾਰੀ ਅਧਿਕਾਰੀਆਂ ਅਤੇ ਨੂਰਜਹਾਂ ਦੇ ਰਿਸ਼ਤੇਦਾਰਾਂ ਨੇ ਵੀ ਖਜ਼ਾਨੇ ਨੂੰ ਰੱਜ ਕੇ ਲੁੱਟਿਆ।

ਸ਼ਾਹਜਹਾਂ ਨੇ ਲੜਾਈਆਂ ਲੜਨ ਅਤੇ ਇਮਾਰਤਾਂ ਬਣਾਉਣ ਤੇ ਬਹੁਤ ਸਾਰਾ ਧਨ ਖਰਚ ਕਰ ਦਿੱਤਾ। ਔਰੰਗਜੇਬ ਦੀਆਂ ਦੱਖਣ ਅਤੇ ਉੱਤਰੀ-ਪੱਛਮੀ ਸਰਹੱਦੀ ਪ੍ਰਦੇਸ਼ਾਂ ਦੀਆਂ ਲੜਾਈਆਂ ਤੇ ਬਹੁਤ ਸਾਰਾ ਧਨ ਖਰਚ ਹੋ ਗਿਆ। ਇਸ ਨਾਲ਼ ਸ਼ਾਹੀ ਖਜ਼ਾਨੇ ਵਿੱਚ ਧਨ ਦੀ ਘਾਟ ਮਹਿਸੂਸ ਕੀਤੀ ਗਈ। ਇਸ ਨਾਲ਼ ਬਾਅਦ ਦੇ ਮੁਗਲ ਸਮਰਾਟਾਂ ਨੂੰ ਆਰਥਿਕ ਸੰਕਟ ਦਾ ਸਾਹਮਣਾਂ ਕਰਨਾ ਪਿਆ ਜਿਹੜਾ ਕਿ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਮਹੱਤਵਪੂਰਨ ਕਾਰਨ ਬਣਿਆਂ।

# ਮੁਗਲ ਬਾਦਸ਼ਾਹਾਂ ਦਾ ਜਲ-ਸੈਨਾਂ ਵੱਲ ਧਿਆਨ ਨਾ ਦੇਣਾਂ (Neglect of Navy by the Mughal Rulers)

ਮੁਗਲ ਬਾਦਸ਼ਾਹਾਂ ਨੇ ਜਲ-ਸੈਨਾਂ ਦੇ ਸੰਗਠਨ ਵੱਲ ਕੋਈ ਧਿਆਨ ਨਾ ਦਿੱਤਾ। ਜਦਕਿ ਮੁਗਲ ਸਾਮਰਾਜ ਦੀਆਂ ਸਰਹੱਦਾਂ ਪੂਰਬ-ਦੱਖਣ ਵੱਲ ਬੰਗਾਲ ਦੀ ਖਾੜੀ ਅਤੇ ਪੱਛਮ-ਦੱਖਣ ਵੱਲ ਅਰਬ ਸਾਗਰ ਨਾਲ਼ ਲਗਦੀਆਂ ਸਨ।


ਵਿਦੇਸ਼ੀ ਹਮਲਾਵਰਾਂ ਤੋਂ ਸਰਹੱਦਾਂ ਨੂੰ ਬਚਾਉਣ ਲਈ ਸਮੁੰਦਰੀ ਸੈਨਾਂ ਦਾ ਨਿਰਮਾਣ ਕਰਨਾਂ ਜਰੂਰੀ ਸੀ, ਪਰ ਉਹ ਇਸ ਤੱਥ ਤੋਂ ਅਵੇਸਲੇ ਰਹੇ। ਇਸਦੇ ਨਤੀਜੇ ਵਜੋਂ ਅਠਾਰਵੀਂ ਸਦੀ ਵਿੱਚ ਉਹ ਅੰਗਰੇਜਾਂ ਅਤੇ ਦੂਜੀਆਂ ਯੂਰਪੀਅਨ ਸ਼ਕਤੀਆਂ ਦਾ ਟਾਕਰਾ ਨਾ ਕਰ ਸਕੇ, ਜਿਹਨਾ ਕੋਲ਼ ਆਧੁਨਿਕ ਜਲ-ਸੈਨਾਵਾਂ ਸਨ।

ਉੱਘੇ ਇਤਿਹਾਸਕਾਰ ਐਡਵਰਡਜ਼ ਅਤੇ ਗੈਰੇਟ (Edwards & Garrat) ਲਿਖਦੇ ਹਨ, “ਜੇ ਮੁਗਲ ਬਾਦਸ਼ਾਹਾਂ ਪਾਸ ਸ਼ਕਤੀਸ਼ਾਲੀ ਜਲ-ਸੈਨਾਂ ਹੁੰਦੀ ਤਾਂ ਸੰਭਵ ਸੀ ਕਿ ਉਹ ਯੂਰਪੀਅਨਾਂ ਨੂੰ ਭਾਰਤ ਵਿੱਚ ਆਉਣ ਤੋਂ ਰੋਕ ਲੈਂਦੇ, ਮਰਾਠਿਆਂ ਦੀ ਸ਼ਕਤੀ ਨੂੰ ਕੁਚਲ ਦਿੰਦੇ ਅਤੇ ਆਪਣੇ-ਆਪ ਨੂੰ ਨਸ਼ਟ ਹੋਣ ਤੋਂ ਬਚਾ ਲੈਂਦੇ”।

# ਮੁਗਲ ਸਾਮਰਾਜ ਦੇ ਪਤਨ ਵਿੱਚ ਔਰੰਗਜੇਬ ਦੀ ਜ਼ਿੰਮੇਵਾਰੀ

# Responsibility of Aurangzeb for the Downfall of Mughal Empire

# ਔਰੰਗਜੇਬ
# (Aurangzeb)




Mughal Empire 1605 AD

1658–1707 ਤੱਕ ਔਰੰਗਜੇਬ ਦਾ ਸ਼ਾਸਨ ਰਿਹਾ ਜਿਸ ਦੌਰਾਨ ਮੁਗਲ ਸਾਮਰਾਜ ਆਪਣੀਆਂ ਬੁਲੰਦੀਆਂ ਦੇ ਸ਼ਿਖਰ ਤੇ ਸੀ। ਇਸ ਸਮੇਂ ਦੌਰਾਨ ਇਸਦਾ ਵਿਸਥਾਰ ਦੂਰ ਦੱਖਣ ਤੱਕ ਹੋ ਗਿਆ ਸੀ।






Mughal Empire 1707 AD

# ਜਾਣ-ਪਹਿਚਾਣ
# (Introduction)

ਬਾਬਰ ਤੋਂ ਲੈ ਕੇ ਔਰੰਗਜੇਬ ਦੇ ਜੀਵਨ ਕਾਲ ਤੱਕ (1526-1707) ਮੁਗਲ ਸਾਮਰਾਜ ਦਾ ਵਿਸਥਾਰ ਅਤੇ ਸ਼ਾਨ ਹੌਲ਼ੀ-ਹੌਲ਼ੀ ਕਾਇਮ ਹੋਈ। ਇਸ ਵਿੱਚ ਇਸ ਵੰਸ਼ ਦੇ ਮਹਾਨ ਸਮਰਾਟਾਂ ਬਾਬਰ, ਹੰਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਂ, ਅਤੇ ਔਰੰਗਜੇਬ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ ਸੰਭਵ ਹੋਇਆ।

ਪਰੰਤੂ ਔਰੰਗਜੇਬ ਦੇ ਸਮੇਂ ਇਸਦੇ ਪਤਨ ਦੇ ਚਿੰਨ੍ਹ ਦਿਖਾਈ ਦੇਣੇ ਸ਼ੁਰੂ ਹੋ ਗਏ ਸਨ। ਇਹਨਾਂ ਵਿੱਚੋਂ ਬਹੁਤੇ ਕਾਰਨ ਔਰੰਗਜੇਬ ਦੇ ਕਾਰਜਾਂ ਅਤੇ ਨੀਤੀਆਂ ਵਿੱਚੋਂ ਉਪਜੇ ਸਨ, ਜਿਹਨਾਂ ਵਿੱਚੋਂ ਪ੍ਰਮੁੱਖ ਕਾਰਜਾਂ ਅਤੇ ਨੀਤੀਆਂ ਦਾ ਵਰਣਨ ਅੱਗੇ ਕੀਤਾ ਜਾ ਰਿਹਾ ਹੈ:

# ਕੱਟੜ ਧਾਰਮਿਕ ਨੀਤੀ: ਹਿੰਦੂਆਂ ਪ੍ਰਤੀ ਅਸਹਿਣਸ਼ੀਲਤਾ
# (Religious Fundamentalism: Intolerance towards Hindus)

ਔਰੰਗਜੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ, ਜਿਹੜਾ ਭਾਰਤ ਨੂੰ (ਦਾਰ-ਉਲ-ਇਸਲਾਮ) ਇਸਲਾਮ ਧਰਮ ਦੀ ਧਰਤੀ ਬਣਾਉਣਾ ਚਾਹੁੰਦਾ ਸੀ। ਉਸਨੇ ਹਿੰਦੂਆਂ ਦੀ ਧਾਰਮਿਕ ਸੁਤੰਤਰਤਾ ਨੂੰ ਨਸ਼ਟ ਕਰਨ ਦੀ ਨੀਤੀ ਅਪਣਾਈ ਅਤੇ ਉਹਨਾ ਨਾਲ਼ ਚੰਗਾ ਸਲੂਕ ਨਾ ਕੀਤਾ। ਪ੍ਰੋ. ਐਸ. ਆਰ. ਸ਼ਰਮਾਂ ਦੇ ਕਥਨ ਅਨੁਸਾਰ, "ਹਿੰਦੂਆਂ ਉੱਤੇ ਜ਼ੁਲਮ ਔਰੰਗਜੇਬ ਦੇ ਰਾਜਕਾਲ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਸੀ। ਇਸਤੋਂ ਬਿਨਾਂ ਉਸਦਾ ਰਾਜਕਾਲ ਸਭ ਤੋਂ ਜ਼ਿਆਦਾ ਨਹਿਸ਼ ਅਤੇ ਬਿਪਤਾਜਨਕ ਹੋਣ ਦੀ ਥਾਂ ਇੱਕ ਸ਼ਾਨਦਾਰ ਕਾਲ ਕਹਾਉਂਦਾ"।

"The persecution of the Hindus was the most momentous feature of Aurangzeb's reign, But for it, his regime might have been one of the most glorious instead of being the most ominous and fateful"- S.R. Sharma.

ਔਰੰਗਜੇਬ ਨੇ ਹਿੰਦੂਆਂ ਉੱਤੇ ਜ਼ਜੀਆ ਕਰ, ਤੀਰਥ ਯਾਤਰਾ ਕਰ ਲਾਉਣ ਦਾ ਹੁਕਮ ਦੇ ਦਿੱਤਾ, ਜੋ ਪਹਿਲੇ ਸਮਰਾਟਾਂ ਸਮੇਂ ਮੁਆਫ ਕਰ ਦਿੱਤੇ ਗਏ ਸਨ। ਉਸਨੇ ਹਿੰਦੂਆਂ ਦੇ ਮੰਦਿਰਾਂ ਨੂੰ ਨਸ਼ਟ ਕਰ ਦਿੱਤਾ, ਉਹਨਾਂ ਨੂੰ ਸਰਕਾਰੀ ਨੌਕਰੀਆਂ ਵਿੱਚੋਂ ਕੱਢ ਦਿੱਤਾ, ਉਹਨਾਂ ਦੇ ਤਿਉਹਾਰ ਮੰਨਾਉਣ ਤੇ ਰੋਕ ਲਾ ਦਿੱਤੀ ਅਤੇ ਉਹਨਾਂ ਨੂੰ ਜਬਰਦਸਤੀ ਮੁਸਲਮਾਨ ਬਣਾਉਣ ਦੇ ਯਤਨ ਕੀਤੇ।

ਹਿੰਦੂ, ਜੋ ਸਾਮਰਾਜ ਵਿੱਚ ਬਹੁਗਿਣਤੀ ਵਿੱਚ ਸਨ, ਉਹਨਾਂ ਨੇ ਬਗਾਵਤਾਂ ਕਰ ਦਿੱਤੀਆਂ। ਮਥਰਾ ਦੇ ਜਾਟਾਂ, ਨਾਰਨੌਲ ਦੇ ਸਤਨਾਮੀਆਂ, ਪੰਜਾਬ ਦੇ ਸਿੱਖਾਂ, ਰਾਜਸਥਾਨ ਦੇ ਰਾਜਪੂਤਾਂ ਅਤੇ ਮਹਾਂਰਾਸ਼ਟਰ ਦੇ ਮਰਾਠਿਆਂ ਨੇ ਔਰੰਗਜੇਬ ਦੀ ਹਿੰਦੂ ਵਿਰੋਧੀ ਨੀਤੀ ਦੇ ਵਿਰੁੱਧ ਹਥਿਆਰ ਚੁੱਕ ਲਏ। ਔਰੰਗਜੇਬ ਉਹਨਾ ਦੀਆਂ ਬਗਾਵਤਾਂ ਨੂੰ ਦਬਾਉਣ ਵਿੱਚ ਅਸਫਲ ਰਿਹਾ। ਇਸ ਤਰਾਂ ਮੁਗਲ ਸਾਮਰਾਜ ਦਾ ਵਿਘਟਨ ਹੋਣ ਲੱਗਾ।

# ਕੱਟੜ ਧਾਰਮਿਕ ਨੀਤੀ: ਸ਼ੀਆ ਮੁਸਲਿਮਾਂ ਪ੍ਰਤੀ ਅਸਹਿਣਸ਼ੀਲਤਾ (Religious Fundamentalism: Intolerance towards Shias Muslims)

ਔਰੰਗਜੇਬ ਨੇ ਸ਼ੀਆ ਲੋਕਾਂ ਉੱਤੇ ਵੀ ਜੁਲਮ ਕਰਨ ਦੀ ਨੀਤੀ ਅਪਣਾਈ। ਉਸਨੇ ਉਹਨਾਂ ਨੂੰ ਉੱਚੀਆਂ ਸਰਕਾਰੀ ਨੌਕਰੀਆਂ ਤੋਂ ਕੱਢ ਕੇ ਉਹਨਾਂ ਦੀ ਥਾਂ ਤੇ ਸੁੰਨੀ ਮੁਸਲਮਾਨਾਂ ਨੂੰ ਨਿਯੁਕਤ ਕਰ ਦਿੱਤਾ। ਉਸਨੇ ਸ਼ੀਆ ਲੋਕਾਂ ਨੂੰ ਧਾਰਮਿਕ ਸੁਤੰਤਰਤਾ ਨਾ ਦਿੱਤੀ। ਉਹਨਾਂ ਦੇ ਅਸੂਲਾਂ ਅਤੇ ਰੀਤੀ ਰਿਵਾਜਾਂ ਨੂੰ ਦਬਾਉਣ ਦੀ ਨੀਤੀ ਅਪਣਾਈ ਗਈ।

ਅਕਬਰ, ਜਹਾਂਗੀਰ ਅਤੇ ਸ਼ਾਹਜਹਾਂ ਦੇ ਸਮੇਂ ਇਰਾਨ ਦੇ ਸ਼ੀਆ ਲੋਕਾਂ ਨੇ ਮੁਗਲ ਰਾਜ ਪ੍ਰਬੰਧ, ਅਤੇ ਕਲਾ ਤੇ ਸਾਹਿਤ ਦੀ ਉੱਨਤੀ ਲਈ ਬਹੁਤ ਸਾਰੀਆਂ ਸੇਵਾਵਾਂ ਕੀਤੀਆਂ ਸਨ। ਪਰ ਔਰੰਗਜੇਬ ਦੇ ਸਮੇਂ ਸ਼ੀਆ ਲੋਕ ਉਸਦੀਆਂ ਨੀਤੀਆਂ ਕਾਰਨ ਸਾਮਰਾਜ ਦੇ ਵਿਰੁੱਧ ਹੋ ਗਏ ਅਤੇ ਸਾਮਰਾਜ ਉਹਨਾਂ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ।

# ਰਾਜਪੂਤਾਂ ਨਾਲ਼ ਟਕਰਾਅ ਦੀ ਨੀਤੀ
# (Policy of conflict towards the Rajputs)

ਔਰੰਗਜੇਬ ਨੇ ਟਕਰਾਅ ਦੀ ਨੀਤੀ ਅਪਣਾਈ ਜਿਹੜੀ ਕਿ ਉਸਦੀ ਵੱਡੀ ਰਾਜਨੀਤਿਕ ਭੁੱਲ ਸੀ। ਸਮਰਾਟ ਅਕਬਰ ਨੇ ਬੜੀ ਸਿਆਣਪ ਦੇ ਨਾਲ਼ ਰਾਜਪੂਤਾਂ ਦੇ ਨਾਲ਼ ਮਿੱਤਰਤਾਪੂਰਨ ਸੰਬੰਧ ਸਥਾਪਿਤ ਕੀਤੇ ਸਨ ਅਤੇ ਉਹਨਾਂ ਦੀਆਂ ਸੇਵਾਵਾਂ ਦੀ ਵਰਤੋਂ ਸਾਮਰਾਜ ਦੇ ਵਿਸਥਾਰ ਅਤੇ ਵਿਕਾਸ ਲਈ ਕੀਤੀ ਸੀ। ਪ੍ਰੰਤੂ ਔਰੰਗਜੇਬ ਨੇ ਰਾਜਪੂਤਾਂ ਦੇ ਪ੍ਰਤੀ ਯੁੱਧ ਕਰਨ ਦੀ ਨੀਤੀ ਅਪਣਾਈ। ਜਸਵੰਤ ਸਿੰਘ ਦੀ ਮੌਤ ਪਿੱਛੋਂ ਮਾਰਵਾੜ ਉੱਤੇ ਅਧਿਕਾਰ ਕਰਨ ਲਈ ਮੁਗਲ ਫੌਜਾਂ ਭੇਜ ਦਿੱਤੀਆਂ, ਅਤੇ ਜਸਵੰਤ ਸਿੰਘ ਦੇ ਪੁੱਤਰ ਅਜੀਤ ਸਿੰਘ ਨੂੰ ਰਾਜਾ ਮੰਨਣ ਤੋਂ ਨਾਂਹ ਕਰ ਦਿੱਤੀ। ਭਾਵੇ 1681 ਵਿੱਚ ਸਮਝੌਤਾ ਹੋ ਗਿਆ, ਪਰ ਅਜੀਤ ਸਿੰਘ ਨੇ ਆਪਣੇ ਰਾਜ ਨੂੰ ਸੁਤੰਤਰ ਕਰਾਉਣ ਲਈ ਸੰਘਰਸ਼ ਜਾਰੀ ਰੱਖਿਆ ਅਤੇ ਅਖੀਰ ਵਿੱਚ ਸਫਲ ਵੀ ਰਿਹਾ।

ਰਾਜਪੂਤ ਸਾਮਰਾਜ ਦੇ ਵੈਰੀ ਬਣ ਗਏ ਅਤੇ ਇਸਦੀਆਂ ਸੇਵਾਵਾਂ ਕਰਨ ਦੀ ਥਾਂ ਇਸਦੀ ਸ਼ਕਤੀ ਨੂੰ ਖੋਰਾ ਲਾਉਣ ਦੇ ਯਤਨ ਕਰਨ ਲੱਗੇ। ਔਰੰਗਜੇਬ ਘੋਰ ਸੰਘਰਸ਼ ਕਰਨ ਦੇ ਬਾਵਜੂਦ ਵੀ ਰਾਜਪੂਤਾਂ ਨੂੰ ਦਬਾਉਣ ਵਿੱਚ ਅਸਫਲ ਰਿਹਾ ਅਤੇ ਉਸਦੀ ਇਹ ਟਕਰਾਅ ਦੀ ਨੀਤੀ ਸਾਮਰਾਜ ਲਈ ਬਹੁਤ ਹਾਨੀਕਾਰਕ ਸਿੱਧ ਹੋਈ।

# ਮੂਰਖਤਾਪੂਰਨ ਦੱਖਣ ਨੀਤੀ
# (Unwise Deccan Policy)

ਦੱਖਣੀ ਪ੍ਰਦੇਸ਼ਾਂ ਨੂੰ ਅਧੀਨ ਕਰਨ ਦੀ ਨੀਤੀ ਵੀ ਮੁਗਲ ਸਾਮਰਾਜ ਦੇ ਪਤਨ ਦਾ ਕਾਰਨ ਬਣੀ, ਕਿਉਂਕਿ ਔਰੰਗਜੇਬ ਨੇ ਬੀਜਾਪੁਰ, ਗੋਲਕੁੰਡਾ ਅਤੇ ਮਰਾਠਿਆਂ ਵਿਰੁੱਧ ਯੁੱਧ ਕਰਨ ਦੇ ਵਿੱਚ ਆਪਣੇ ਜੀਵਨ ਦੇ 25 ਸਾਲ ਲਗਾ ਦਿੱਤੇ। ਲੰਮੇਰੇ ਯੁੱਧਾਂ ਕਾਰਨ ਸਮਰਾਟ ਦੀ ਸਿਹਤ ਵਿਗੜ ਗਈ ਅਤੇ 1707 ਈ. ਵਿੱਚ ਦੱਖਣ ਵਿੱਚ ਹੀ ਉਸਦੀ ਮੌਤ ਹੋ ਗਈ। ਇਹਨਾਂ ਯੁੱਧਾਂ ਵਿੱਚ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ, ਸ਼ਾਹੀ ਸਨਮਾਨ ਨੂੰ ਸੱਟ ਵੱਜੀ, ਸੈਨਿਕਾਂ ਦੇ ਹੌਸਲੇ ਟੁੱਟ ਗਏ, ਅਤੇ ਵਪਾਰ ਅਤੇ ਖੇਤੀਬਾੜੀ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ।

ਸਮਰਾਟ ਦੀ ਰਾਜਧਾਨੀ ਵਿੱਚ ਗੈਰਹਾਜ਼ਰੀ ਕਾਰਨ ਉੱਤਰੀ ਭਾਰਤ ਵਿੱਚ ਬਗਾਵਤਾਂ ਹੋਣ ਲੱਗੀਆਂ। ਇਸ ਤਰਾਂ ਮੁਗਲ ਸਾਮਰਾਜ ਦਾ ਵਿਘਟਨ ਆਰੰਭ ਹੋ ਗਿਆ।

# ਮੁਗਲ ਸਾਮਰਾਜ ਦਾ ਵਿਸ਼ਾਲ ਹੋਣਾਂ
# (Vastness of the Mughal Empire)

ਅਕਬਰ ਨੇ ਆਪਣੀਆਂ ਜਿੱਤਾਂ ਦੇ ਸਿੱਟੇ ਵਜੋਂ ਸਾਰੇ ਉੱਤਰੀ ਭਾਰਤ ਨੂੰ ਆਪਣੇ ਹੱਥ ਵਿੱਚ ਲੈ ਲਿਆ ਸੀ ਅਤੇ ਦੱਖਣੀ ਭਾਰਤ ਦੇ ਖਾਨਦੇਸ਼ ਅਤੇ ਅਹਿਮਦਨਗਰ ਦੇ ਇਲਾਕੇ ਵੀ ਜਿੱਤ ਲਏ ਸਨ। ਔਰੰਗਜੇਬ ਦੇ ਸਮੇਂ ਬੀਜਾਪੁਰ ਤੇ ਗੋਲਕੁੰਡਾ ਦੇ ਇਲਾਕੇ ਵੀ ਮੁਗਲ ਸਾਮਰਾਜ ਵਿੱਚ ਸ਼ਾਮਲ ਹੋ ਗਏ ਸਨ। ਜਿਸ ਕਰਕੇ ਇਹ ਉੱਤਰ ਵਿੱਚ ਹਿਮਾਲਿਆ ਪਰਬਤ ਤੋਂ ਲੈ ਕੇ ਦੱਖਣ ਵਿੱਚ ਕਾਵੇਰੀ ਨਦੀ ਤੱਕ, ਅਤੇ ਪੂਰਬ ਵਿੱਚ ਬੰਗਾਲ ਤੋਂ ਲੈ ਕੇ ਉੱਤਰ ਪੱਛਮ ਵਿੱਚ ਹਿੰਦੁਕੁਸ਼ ਪਰਬਤ ਤੱਕ ਫੈਲਿਆ ਹੋਇਆ ਸੀ। ਐਨੇ ਵਿਸ਼ਾਲ ਸਾਮਰਾਜ ਨੂੰ ਰਾਜਧਾਨੀ ਤੋਂ ਕੰਟਰੋਲ ਰੱਖਣਾਂ ਬਹੁਤ ਔਖਾ ਸੀ ਕਿਉਂਕਿ ਉਸ ਸਮੇਂ ਆਵਾਜਾਈ ਦੇ ਸਾਧਨ ਅੱਜ-ਕੱਲ੍ਹ ਵਾਂਗ ਉੱਨਤ ਨਹੀਂ ਸਨ। ਔਰੰਗਜੇਬ ਪਿੱਛੋਂ ਬੰਗਾਲ ਅਤੇ ਦੱਖਣ ਦੇ ਪ੍ਰਦੇਸ਼ਾਂ ਵਿੱਚ ਬਗਾਵਤਾਂ ਹੋਣ ਲੱਗੀਆਂ, ਜਿਹਨਾਂ ਨੂੰ ਕੁਚਲਣ ਵਿੱਚ ਕੇਂਦਰੀ ਸਰਕਾਰ ਅਸਫਲ ਰਹੀ ਅਤੇ ਬਹੁਤ ਸਾਰੇ ਸੂਬੇ ਸੁਤੰਤਰ ਹੋ ਗਏ।


# ਔਰੰਗਜੇਬ ਦਾ ਸ਼ੱਕੀ ਸੁਭਾਅ

# (Suspicious Nature of Aurangzeb)

ਔਰੰਗਜੇਬ ਸ਼ੱਕੀ ਸੁਭਾਅ ਦਾ ਮਾਲਕ ਸੀ। ਉਹ ਆਪਣੇ ਪੁੱਤਰਾਂ ਅਤੇ ਸਾਕ-ਸੰਬੰਧੀਆਂ ਉੱਤੇ ਵੀ ਵਿਸ਼ਵਾਸ਼ ਨਹੀਂ ਕਰਦਾ ਸੀ। ਉਸਨੇ ਆਪਣੇ ਪੁੱਤਰਾਂ ਨੂੰ ਸ਼ਾਸਨ ਪ੍ਰਬੰਧ ਦੀ ਕੋਈ ਟਰੇਨਿੰਗ ਨਾ ਦਿੱਤੀ, ਸਗੋਂ ਸ਼ੱਕੀ ਸੁਭਾਅ ਕਾਰਨ ਉਹਨਾਂ ਦੀਆਂ ਹਰਕਤਾਂ ਤੇ ਰਾਖੀ ਰੱਖਣ ਲਈ ਜਾਸੂਸ ਛੱਡ ਦਿੱਤੇ, ਜਿਸ ਕਰਕੇ ਉਸਦੇ ਪੁੱਤਰ ਰਾਜ-ਪ੍ਰਬੰਧ ਦਾ ਕੋਈ ਤਜਰਬਾ ਹਾਸਲ ਨਾ ਕਰ ਸਕੇ ਅਤੇ ਨਾ ਹੀ ਯੁੱਧ ਸੰਬੰਧੀ ਕੋਈ ਟਰੇਨਿੰਗ ਲੈ ਸਕੇ। ਇਸਦਾ ਸਿੱਟਾ ਇਹ ਨਿੱਕਲਿਆ ਕਿ ਉਸਦੇ ਉੱਤਰਾਧਿਕਾਰੀ ਅਯੋਗ ਸਾਬਤ ਹੋਏ ਅਤੇ ਮੁਗਲ ਸਾਮਰਾਜ ਦੇ ਪਤਨ ਦਾ ਕਾਰਨ ਬਣੇ।

# ਕਿਸਾਨਾਂ ਦੀ ਦੁਰਦਸ਼ਾ
# (Miserable conditions of the Peasantry)

ਅਕਬਰ ਨੇ ਕੁਸ਼ਲ ਭੂਮੀ-ਕਰ ਪ੍ਰਣਾਲ਼ੀ ਦੀ ਵਿਵਸਥਾ ਕੀਤੀ ਸੀ ਅਤੇ ਕਿਸਾਨਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖਿਆ ਸੀ। ਸ਼ਾਹਜਹਾਂ ਦੇ ਸਮੇਂ ਤੱਕ ਕਿਸਾਨਾਂ ਦੀ ਹਾਲਤ ਠੀਕ ਰਹੀ। ਪ੍ਰੰਤੂ ਔਰੰਗਜੇਬ ਦੇ ਰਾਜਕਾਲ ਦੇ ਅਖੀਰਲੇ ਸਾਲਾਂ ਦੌਰਾਨ ਸਰਕਾਰੀ ਅਧਿਕਾਰੀਆਂ ਅਤੇ ਜਾਗੀਰਦਾਰਾਂ ਨੇ ਕਿਸਾਨਾਂ ਦਾ ਬੜਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ। ਸਮਰਾਟ ਦੇ ਦੱਖਣੀ ਯੁੱਧਾਂ ਵਿੱਚ ਉਲਝੇ ਹੋਣ ਕਾਰਨ ਉਹਨਾਂ ਨੂੰ ਕੇਂਦਰੀ ਸ਼ਕਤੀ ਦਾ ਕੋਈ ਡਰ ਨਾ ਰਿਹਾ, ਜਿਸ ਨਾਲ਼ ਕਿਸਾਨਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ ਅਤੇ ਕਈਆਂ ਨੇ ਦੁਖੀ ਹੋ ਕੇ ਖੇਤੀ ਕਰਨੀ ਛੱਡ ਦਿੱਤੀ ਅਤੇ ਵਿਦਰੋਹੀਆਂ ਨਾਲ਼ ਮਿਲ ਗਏ। ਇਹ ਵੀ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਕਾਰਨ ਬਣਿਆਂ।



# ਜਾਗੀਰਦਾਰੀ ਪ੍ਰਣਾਲ਼ੀ ਦੀ ਸੰਕਟਮਈ ਅਵਸਥਾ
# (Crisis in Jagirdari System)

ਔਰੰਗਜੇਬ ਦੇ ਸਾਸ਼ਨਕਾਲ ਦੇ ਅਖੀਰਲੇ 25 ਵਰ੍ਹਿਆਂ ਵਿੱਚ ਜਾਗੀਰਦਾਰੀ ਪ੍ਰਣਾਲ਼ੀ ਸੰਕਟਮਈ ਅਵਸਥਾ ਵਿੱਚ ਚਲੀ ਗਈ। ਕਿਉਂਕਿ ਸਮਰਾਟ ਨੇ ਦੱਖਣੀ ਭਾਰਤ ਦੇ ਬਹੁਤ ਸਾਰੇ ਸਰਦਾਰਾਂ ਨੂੰ ਮਨਸਬਾਂ ਦਿੱਤੀਆਂ ਅਤੇ ਉਹਨਾਂ ਨੂੰ ਨਕਦ ਤਨਖਾਹ ਦੀ ਥਾਂ ਜਾਗੀਰਾਂ ਸੌਂਪ ਦਿੱਤੀਆਂ। ਸਿੱਟੇ ਵਜੋਂ ਅਖੀਰਲੇ ਸਾਲਾਂ ਵਿੱਚ ਜਾਗੀਰਾਂ ਦੀ ਘਾਟ ਹੋ ਗਈ। ਕਈ ਮਨਸਬਦਾਰਾਂ ਨੂੰ 5-6 ਸਾਲਾਂ ਤੱਕ ਜਾਗੀਰਾਂ ਨਾ ਮਿਲੀਆਂ ਅਤੇ ਪੁਰਾਣੇ ਮਨਸਬਦਾਰਾਂ ਨੂੰ ਜਾਗੀਰਾਂ ਤੋਂ ਵਾਂਝੇ ਕਰ ਦਿੱਤਾ ਗਿਆ। ਜਿਹਨਾਂ ਜਾਗੀਰਦਾਰਾਂ ਦੀਆਂ ਜਾਗੀਰਾਂ ਦੀ ਬਦਲੀ ਕਰ ਦਿੱਤੀ ਜਾਂਦੀ ਸੀ, ਉਹ ਉਹਨਾਂ ਇਲਾਕਿਆਂ ਵਿੱਚ ਕਿਸਾਨਾਂ ਉੱਤੇ ਜੁਲਮ ਕਰਨੇ ਸ਼ੁਰੂ ਕਰ ਦਿੰਦੇ ਸਨ, ਜਿਸ ਕਰਕੇ ਬਹੁਤ ਸਾਰੇ ਕਿਸਾਨਾਂ ਨੇ ਖੇਤੀ ਕਰਨੀ ਹੀ ਛੱਡ ਦਿੱਤੀ। ਇਲਾਕੇ ਉੱਜੜ ਗਏ ਅਤੇ ਜਾਗੀਰਦਾਰੀ ਪ੍ਰਣਾਲ਼ੀ ਦਾ ਪਤਨ ਹੋਣਾਂ ਸ਼ੁਰੂ ਹੋ ਗਿਆ। ਡਾ. ਆਥਰ ਅਲੀ ਵਰਗੇ ਇਤਿਹਾਸਕਾਰ ਔਰੰਗਜੇਬ ਦੇ ਰਾਜਕਾਲ ਦੇ ਅੰਤਲੇ ਵਰ੍ਹਿਆਂ ਵਿੱਚ ਜਾਗੀਰਦਾਰੀ ਪ੍ਰਣਾਲ਼ੀ ਦੀ ਸੰਕਟਮਈ ਅਵਸਥਾ ਔਰੰਗਜੇਬ ਦੀ ਅਸਫਲਤਾ ਦਾ ਮੁੱਖ ਕਾਰਨ ਮੰਨਦੇ ਹਨ।

# 1707 ਈ. ਤੋਂ ਬਾਅਦ ਮੁਗਲ ਸਾਮਰਾਜ ਦੇ ਪਤਨ ਦੇ ਕਾਰਨ

# Causes of Downfall of Mughal Empire After 1707

# ਜਾਣ-ਪਹਿਚਾਣ
# (Introduction)

1707 ਈ. ਵਿੱਚ ਔਰੰਗਜੇਬ ਦੀ ਮੌਤ ਦੇ ਨਾਲ਼ ਹੀ ਮੁਗਲ ਸਾਮਰਾਜ ਦਾ ਪਤਨ ਆਰੰਭ ਹੋ ਗਿਆ। ਲੇਨ ਪੂਲ ਦੇ ਸ਼ਬਦਾਂ ਵਿੱਚ **"ਉਸ ਉੱਘੇ ਵਿਅਕਤੀ ਦੀ ਮੌਤ ਹੁੰਦਿਆਂ ਹੀ ਉਹਨਾਂ ਸਭ ਸ਼ਕਤੀਆਂ ਜਿਹਨਾਂ ਨੂੰ ਉਸ ਨੇ ਸ਼ਕਤੀ ਨਾਲ਼ ਕੰਟਰੋਲ ਵਿੱਚ ਰੱਖਿਆ ਹੋਇਆ ਸੀ ਅਤੇ ਉਹਨਾ ਸਭ ਲੜਾਕੂ ਜਾਤੀਆਂ ਜੋ ਸਾਮਰਾਜ ਤੋਂ ਸੁਤੰਤਰ ਹੋਣ ਲਈ ਸੰਘਰਸ਼ ਕਰ ਰਹੀਆਂ ਸਨ, ਨੇ ਬਗਾਵਤਾਂ ਕਰ ਦਿੱਤੀਆਂ ਅਤੇ ਇੱਕ ਅਜਿਹੀ ਤਰਥੱਲੀ ਮਚਾ ਦਿੱਤੀ ਜਿਸਨੂੰ ਕਾਬੂ ਵਿੱਚ ਕਰਨਾਂ ਔਖਾ ਸੀ"**।

"No sooner was the dominating mind stilled in death then all the forces that he has sternly controled, all the warring elements that struggled for emancipation from the grinding yoke, broke out in irrepressible tumult"-Lane-Poole.

ਔਰੰਗਜੇਬ ਦੇ ਉੱਤਰਾਧਿਕਾਰੀਆਂ ਦੇ ਨਿਰਬਲ ਅਤੇ ਅਯੋਗ ਹੋਣ ਕਾਰਨ ਸਾਮਰਾਜ ਦੀ ਅਵਸਥਾ ਦਿਨੋ-ਦਿਨ ਵਿਗੜਦੀ ਗਈ, ਵਿਦੇਸ਼ੀ ਹਮਲੇ ਅਤੇ ਅੰਦਰੂਨੀ ਬਗਾਵਤਾਂ ਨੇ ਇਸ ਸ਼ਾਨਦਾਰ ਸਾਮਰਾਜ ਦਾ ਪਤਨ ਕਰ ਦਿੱਤਾ, ਪਰ ਫਿਰ ਵੀ ਇਹ ਸਾਮਰਾਜ ਬਹੁਤ ਵਰ੍ਹਿਆਂ ਤੱਕ ਕਾਇਮ ਰਿਹਾ।



ਸਟੇਨਲੇ ਲੇਨ-ਪੂਲ 1854-1931

# ਔਰੰਗਜੇਬ ਦੇ ਕਮਜ਼ੋਰ ਉੱਤਰਾਧਿਕਾਰੀ
# (Weak Successors of Aurangzeb)

1707 ਈ. ਵਿੱਚ ਔਰੰਗਜੇਬ ਦੀ ਮੌਤ ਤੋਂ ਬਾਅਦ ਬਹਾਦਰ ਸ਼ਾਹ, ਜਹਾਂਦਰ ਸ਼ਾਹ, ਅਹਿਮਦ ਸ਼ਾਹ, ਬਹਾਦਰ ਸ਼ਾਹ ਦੂਜਾ ਆਦਿ ਸ਼ਾਸਕ ਆਪਣੇ ਪੂਰਵਜਾਂ ਵਾਂਗ ਨਾ ਤਾਂ ਵੀਰ ਯੋਧੇ ਸਨ, ਅਤੇ ਨਾ ਹੀ ਯੋਗ ਰਾਜ-ਪ੍ਰਬੰਧਕ। ਵਿਲਾਸੀ ਹੋਣ ਦੇ ਕਾਰਨ ਉਹ ਆਪਣਾਂ ਜ਼ਿਆਦਾ ਸਮਾਂ ਰੰਗ-ਰਲੀਆਂ ਮਨਾਉਣ ਵਿੱਚ ਹੀ ਜ਼ਾਇਆ ਕਰ ਦਿੰਦੇ ਸਨ ਅਤੇ ਆਪਣੇ ਰਾਜਸੀ ਹਿੱਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਸਨ। ਉਹਨਾਂ ਦੀ ਨਿਰਬਲਤਾ ਅਤੇ ਅਯੋਗਤਾ ਕਾਰਨ ਮੁਗਲ ਸਰਦਾਰ ਇੱਕ-ਦੂਜੇ ਵਿਰੁੱਧ ਸਾਜਿਸ਼ਾਂ ਕਰਨ ਲੱਗੇ। ਵਿਦੇਸ਼ੀ ਹਮਲਾਵਰਾਂ ਨੇ ਸਾਮਰਾਜ ਨੂੰ ਲੁੱਟਣ ਲਈ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰਾਂ ਕਮਜ਼ੋਰ ਉੱਤਰਾਧਿਕਾਰੀ ਸਾਮਰਾਜ ਨੂੰ ਬਚਾਉਣ ਵਿੱਚ ਅਸਮਰਥ ਰਹੇ।

# ਮੁਗਲ ਦਰਬਾਰ ਵਿੱਚ ਗੁੱਟਬੰਦੀਆਂ
# (Factions in the Mughal Court)

ਪਿਛਲੇਰੇ ਮੁਗਲ ਸ਼ਾਸਕਾਂ ਦੇ ਕਮਜ਼ੋਰ ਹੋਣ ਕਾਰਨ ਸ਼ਾਹੀ ਦਰਬਾਰ ਗੁੱਟਬੰਦੀਆਂ ਵਿੱਚ ਵੰਡਿਆ ਗਿਆ। ਇਹਨਾਂ ਵਿੱਚ ਤੂਰਾਨੀਆਂ, ਇਰਾਨੀਆਂ ਅਤੇ ਹਿੰਦੋਸਤਾਨੀਆਂ ਦੇ ਗੁੱਟ ਸ਼ਾਮਿਲ ਸਨ। ਇਹ ਗੁੱਟ ਇੱਕ-ਦੂਜੇ ਵਿਰੁੱਧ ਸਾਜ਼ਿਸ਼ਾਂ ਕਰਦੇ ਰਹਿੰਦੇ ਸਨ। ਇੱਕ ਗੁੱਟ ਦੇ ਸਰਦਾਰਾਂ ਨੇ ਵਿਰੋਧੀ ਗੁੱਟ ਦੇ ਸਰਦਾਰਾਂ ਅਤੇ ਕਈ ਮੁਗਲ ਸਮਰਾਟਾਂ ਨੂੰ ਕਤਲ ਕਰਵਾ ਦਿੱਤਾ। ਇਸ ਲਈ ਸ਼ਕਤੀਸ਼ਾਲੀ ਸਰਦਾਰਾਂ ਨੇ ਨਿਰਾਸ਼ ਹੋ ਕੇ ਵੱਖ-ਵੱਖ ਸੂਬਿਆਂ ਵਿੱਚ ਆਪਣੇ ਸੁਤੰਤਰ ਰਾਜ ਸਥਾਪਿਤ ਕਰ ਲਏ। ਇਹ ਗੁੱਟਬੰਦੀ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਕਾਰਨ ਸਿੱਧ ਹੋਈ।

# ਘਰੇਲੂ ਯੁੱਧ
# (Civil Wars)

ਔਰੰਗਜੇਬ ਦੀ ਮੌਤ ਤੋਂ ਪਿੱਛੋਂ ਹੋਏ ਘਰੇਲੂ ਯੁੱਧਾਂ ਨੇ ਸਾਮਰਾਜ ਦੀ ਸਥਿਰਤਾ ਤੇ ਮਾੜਾ ਪ੍ਰਭਾਵ ਪਇਆ। ਔਰੰਗਜੇਬ ਤੋਂ ਬਾਅਦ ਉਸਦੇ ਪੁੱਤਰਾਂ ਵਿੱਚ ਰਾਜਗੱਦੀ ਲਈ ਯੁੱਧ ਹੋਇਆ, ਜਿਸ ਵਿੱਚ ਮੁਅੱਜ਼ਮ ਸਫਲ ਰਿਹਾ ਅਤੇ ਬਹਾਦਰਸ਼ਾਹ ਦੇ ਨਾ.ਲ ਰਾਜਗੱਦੀ ਤੇ ਬੈਠਿਆ। ਬਹਾਦਰ ਸ਼ਾਹ ਦੀ ਮੌਤ ਪਿੱਛੋਂ ਉਸਦੇ ਚਾਰ ਪੁੱਤਰਾਂ ਵਿੱਚ ਰਾਜਗੱਦੀ ਲਈ ਯੁੱਧ ਹੋਇਆ, ਜਿਸ ਵਿੱਚ ਜਹਾਂਦਰ ਸ਼ਾਹ ਜੇਤੂ ਰਿਹਾ। ਜਹਾਂਦਰ ਸ਼ਾਹ ਸਿਰਫ ਇੱਕ ਸਾਲ ਹੀ ਰਾਜ ਕਰ ਸਕਿਆ ਕਿਉਂਕਿ ਉਸਦੇ ਭਤੀਜੇ ਫਰੁਖਸ਼ੀਅਰ ਨੇ ਆਪਣੇ–ਆਪ ਨੂੰ ਸਮਰਾਟ ਘੋਸ਼ਿਤ ਕਰ ਦਿੱਤਾ ਅਤੇ ਜਹਾਂਦਰ ਸ਼ਾਹ ਨੂੰ ਯੁੱਧ ਵਿੱਚ ਹਰਾ ਦਿੱਤਾ। ਸੱਈਅਦ ਭਰਾਵਾਂ ਨੂੰ ਫਰੁਖਸ਼ੀਅਰ ਨੂੰ ਵੀ ਇੱਕ ਸਾਜ਼ਿਸ਼ ਦੁਆਰਾ ਅੰਨਾਂ ਕਰਵਾ ਦਿੱਤਾ, ਅਤੇ ਮੁਹੰਮਦ ਸ਼ਾਹ ਨੂੰ ਸ਼ਾਸਕ ਬਣਾ ਦਿੱਤਾ। ਇਹਨਾਂ ਘਰੇਲੂ ਯੁੱਧਾਂ ਵਿੱਚ ਜਾਨ–ਮਾਲ ਅਤੇ ਸੈਨਾਂ ਦਾ ਬਹੁਤ ਨੁਕਸਾਨ ਹੋਇਆ। ਇਸਨੇ ਮੁਗਲ ਸਾਮਰਾਜ ਦੀ ਕਮਜ਼ੋਰੀ ਨੂੰ ਪ੍ਰਗਟ ਕਰ ਦਿੱਤਾ ਤੇ ਇਸਨੂੰ ਨਿਰਬਲ ਬਣਾ ਦਿੱਤਾ।

# ਜਾਗੀਰਦਾਰੀ ਪ੍ਰਣਾਲ਼ੀ ਦੇ ਸੰਕਟ ਦਾ ਵਧਣਾਂ
# (Intensification of crisis in Jagirdari System)

ਔਰੰਗਜੇਬ ਦੇ ਅਖੀਰਲੇ ਸਾਲਾਂ ਵਿੱਚ ਜਾਗੀਰਦਾਰੀ ਪ੍ਰਣਾਲ਼ੀ ਵਿੱਚ ਸੰਕਟ ਉਤਪੰਨ ਹੋ ਗਿਆ ਸੀ। ਪਰ ਉਸਦੇ ਉੱਤਰਾਧਿਕਾਰੀਆਂ ਦੇ ਸਮੇਂ ਇਹ ਸੰਕਟ ਭਿਆਨਕ ਰੂਪ ਧਾਰਨ ਕਰ ਗਿਆ। ਸਮਰਾਟ ਬਹਾਦਰ ਸ਼ਾਹ ਨੇ ਮੁਗਲ ਅਧਿਕਾਰੀਆਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਅੰਨ੍ਹੇਵਾਹ ਜਾਗੀਰਾਂ ਦਿੱਤੀਆਂ। ਬਹੁਤ ਸਾਰੇ ਮਨਸਬਦਾਰਾਂ ਦੀ ਪਦਉੱਨਤੀ ਕਰ ਦਿੱਤੀ ਗਈ, ਇੱਥੋਂ ਤੱਕ ਕਿ ਕਲਰਕਾਂ ਨੂੰ ਵੀ ਉੱਚੀਆਂ ਮਨਸਬਾਂ ਸੌਂਪ ਦਿੱਤੀਆਂ। ਇਖਲਾਸ ਖਾਂ, ਜੋ ਕਿ ਇੱਕ ਬਹੁਤ ਯੋਗ ਅਤੇ ਇਮਾਨਦਾਰ ਰਾਜ ਅਧਿਕਾਰੀ ਸੀ, ਨੇ ਵਜ਼ੀਰ ਨੂੰ ਕਿਹਾ ਕਿ ਸਮਰਾਟ ਦੀ ਅਜਿਹੀ ਖੁੱਲ੍ਹ-ਖਰਚੀ ਸਾਮਰਾਜ ਦੇ ਹਿੱਤਾਂ ਵਿਰੁੱਧ ਹੋਵੇਗੀ ਇਸ ਲਈ ਭਾਰਤ ਤਾਂ ਕੀ ਸਾਰਾ ਸੰਸਾਰ ਵੀ ਅਜਿਹੀਆਂ ਜਾਗੀਰਾਂ ਮੁਹੱਈਆ ਕਰਨ ਲਈ ਕਾਫੀ ਨਹੀਂ ਹੋਵੇਗਾ। ਜਿਹਨਾਂ ਅਧਿਕਾਰੀਆਂ ਦੀਆਂ ਜਾਗੀਰਾਂ ਦੀ ਤਬਦੀਲੀ ਕਰ ਦਿੱਤੀ ਜਾਂਦੀ ਸੀ, ਉਹ ਜਾਗੀਰਾਂ ਨਹੀਂ ਛੱਡਦੇ ਸਨ, ਕਿਉਂਕਿ ਉਹਨਾਂ ਨੂੰ ਅੱਗੇ ਜਾਗੀਰਾਂ ਮਿਲਣ ਦੀ ਉਮੀਦ ਨਹੀਂ ਹੁੰਦੀ ਸੀ। ਜਿਸ ਕਾਰਨ ਸਮਾਂ ਬੀਤਣ ਤੇ ਜਾਗੀਰਦਾਰੀ ਪ੍ਰਣਾਲ਼ੀ ਦਾ ਸੰਕਟ ਭਿਆਨਕ ਰੂਪ ਧਾਰਨ ਕਰ ਗਿਆ, ਜੋ ਕਿ ਮੁਗਲ ਸਾਮਰਾਜ ਦੇ ਪਤਨ ਦਾ ਕਾਰਨ ਬਣਿਆਂ।

# ਮਾਲੀ ਦੁਰਦਸ਼ਾ
# (Financial Bankcruptcy)

ਔਰੰਗਜੇਬ ਦੇ ਸ਼ਾਸਨਕਾਲ ਦੇ ਅਖੀਰਲੇ ਸਾਲਾਂ ਵਿੱਚ ਉਸ ਰਾਹੀਂ ਦੱਖਣ ਵਿੱਚ ਲੰਮੇ ਯੁੱਧ ਲੜੇ ਗਏ ਜਿਸ ਕਾਰਨ ਸਾਮਰਾਜ ਦੀ ਮਾਲੀ ਹਾਲਤ ਬਹੁਤ ਖਰਾਬ ਹੋ ਗਈ ਤੇ ਉਸਦੇ ਉੱਤਰਾਧਿਕਾਰੀਆਂ ਦੇ ਸਮੇਂ ਮਾਲੀ ਹਾਲਤ ਵਿੱਚ ਹੋਰ ਜ਼ਿਆਦਾ ਨਿਘਾਰ ਆ ਗਿਆ। ਬਹਾਦਰ ਸ਼ਾਹ ਨੇ ਆਪਣੇ ਭਰਾਵਾਂ ਵਿਰੁੱਧ ਲੜੇ ਯੁੱਧ ਵਿੱਚ ਅਤੇ ਇਨਾਮ ਦੇਣ ਵਿੱਚ ਲਗਭਗ ਤੇਰਾਂ ਕਰੋੜ ਰੁਪਏ ਖਰਚ ਕਰ ਦਿੱਤੇ ਜਿਸਦੇ ਸਿੱਟੇ ਵਜੋਂ ਸ਼ਾਹੀ ਖਜ਼ਾਨਾਂ ਖਾਲੀ ਹੋ ਗਿਆ। ਉਸਦੇ ਸਮੇਂ ਸਾਮਰਾਜ ਦੀ ਆਮਦਨ ਤੋਂ ਸਾਰਾ ਖਰਚਾ ਪੂਰਾ ਨਹੀਂ ਹੁੰਦਾ ਸੀ ਅਤੇ ਸੈਨਿਕਾਂ ਨੂੰ ਕਈ-ਕਈ ਮਹੀਨੇ ਦੀਆਂ ਤਨਖਾਹਾਂ ਬਕਾਇਆ ਰਹਿ ਜਾਂਦੀਆਂ ਸਨ। 1718 ਈ. ਤੱਕ ਮੁਗਲਾਂ ਨੇ ਮਰਾਠਿਆਂ ਨੂੰ *ਚੌਥ* ਅਤੇ *ਸਰਦੇਸ਼ਮੁਖੀ* ਦਾ ਅਧਿਕਾਰ ਦੇ ਦਿੱਤਾ, ਜਿਸ ਨਾਲ਼ ਦੱਖਣ ਤੋਂ ਪ੍ਰਾਪਤ ਆਮਦਨ ਦਾ ਅੱਧਾ ਹਿੱਸਾ ਮਰਾਠਿਆਂ ਕੋਲ਼ ਚਲਾ ਗਿਆ। ਅੰਤ ਵਿੱਚ ਸਮਰਾਟ ਅਧੀਨ ਦਿੱਲੀ ਅਤੇ ਆਸ-ਪਾਸ ਦੇ ਪ੍ਰਦੇਸ਼ ਹੀ ਰਹਿ ਗਏ।


**ਪ੍ਰੋ. ਜਾਦੂਨਾਥ ਸਰਕਾਰ** ਲਿਖਦੇ ਹਨ ਕਿ ਆਲਮਗੀਰ ਦੂਜੇ ਦੇ ਸ਼ਾਸਨਕਾਲ ਵਿੱਚ (1754-1758 ਈ.) ਮਾਲੀ ਹਾਲਤ ਏਨੀ ਖਰਾਬ ਹੋ ਗਈ ਸੀ ਸ਼ਾਹੀ ਬਾਵਰਚੀਖਾਨੇ ਵਿੱਚ ਤਿੰਨ ਦਿਨ ਤੱਕ ਅੱਗ ਤੱਕ ਵੀ ਨਾ ਬਲੀ ਅਤੇ ਇੱਕ ਹੋਰ ਦਿਨ ਰਾਜਕੁਮਾਰੀਆਂ ਨੇ ਭੁੱਖ ਤੋਂ ਤੰਗ ਆ ਕੇ ਆਪਣੇ ਬੁਰਕੇ ਲਾਹ ਸੁੱਟ ਦਿੱਤੇ ਅਤੇ ਮਹਿਲ ਤੋਂ ਸ਼ਹਿਰ ਵੱਲ ਨੂੰ ਭੱਜਣ ਲੱਗੀਆਂ, ਪ੍ਰੰਤੂ ਕਿਲੇ ਦੇ ਦਰਵਾਜੇ ਬੰਦ ਹੋਣ ਕਾਰਨ ਉਹਨਾਂ ਨੂੰ ਵਾਪਸ ਮੁੜਨਾ ਪਿਆ। ਬੜੀ ਹੈਰਾਨੀ ਦੀ ਗੱਲ ਹੈ ਕਿ ਅਜਿਹੇ ਹਾਲ ਵਿੱਚ ਵੀ ਮੁਗਲ ਸਾਮਰਾਜ ਦਾ ਅੰਤ ਨਾ ਹੋਇਆ ਅਤੇ ਇਸ ਪਿੱਛੋਂ ਵੀ ਕਈ ਸਾਲ ਤੱਕ ਚਲਦਾ ਰਿਹਾ।

# ਸੂਬੇਦਾਰਾਂ ਦੁਆਰਾ ਸੁਤੰਤਰ ਰਾਜਾਂ ਦੀ ਸਥਾਪਨਾਂ
# (Establishment of Independent States by the Governors)

ਸੂਬੇਦਾਰਾਂ ਨੇ ਵੀ 18ਵੀਂ ਸਦੀ ਵਿੱਚ ਵੱਖ-ਵੱਖ ਪ੍ਰਾਂਤਾਂ ਦੇ ਵਿੱਚ ਸੁਤੰਤਰ ਰਾਜ ਸਥਾਪਿਤ ਕਰਨ ਦੇ ਸਫਲ ਯਤਨ ਕੀਤੇ ਅਤੇ ਮੁਗਲ ਸਾਮਰਾਜ ਦੇ ਵਿਘਟਨ ਵਿੱਚ ਹਿੱਸਾ ਪਾਇਆ। ਕਮਜ਼ੋਰ ਸ਼ਾਸਕਾਂ ਦੇ ਸਮੇਂ ਵੱਖ-ਵੱਖ ਗੁੱਟਾਂ ਦੇ ਸਰਦਾਰਾਂ ਨੇ ਇੱਕ-ਦੂਜੇ ਦੇ ਵਿਰੁੱਧ ਸਾਜ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਦਰਬਾਰ ਦੇ ਝਗੜਿਆਂ ਤੋਂ ਤੰਗ ਆ ਕੇ ਪ੍ਰਾਂਤਾਂ ਵਿੱਚ ਸੁਤੰਤਰ ਰਾਜ ਸਥਾਪਿਤ ਕਰ ਲਏ। ਨਿਜ਼ਾਮ-ਉਲ-ਮੁਲਕ ਨੂੰ ਸਮਰਾਟ ਫਰੁਖਸ਼ੀਅਰ ਨੇ 1713 ਈ. ਵਿੱਚ ਦੱਖਣ ਦੇ ਛੇ ਮੁਗਲ ਪ੍ਰਾਂਤਾਂ ਦਾ ਸੂਬੇਦਾਰ ਬਣਾ ਦਿੱਤਾ ਸੀ। ਸਮਰਾਟ ਮੁਹੰਮਦ ਸ਼ਾਹ ਨੇ ਉਸਨੂੰ ਵਜ਼ੀਰ ਨਿਯੁਕਤ ਕਰ ਦਿੱਤਾ। ਮੁਗਲ ਦਰਬਾਰ ਦੀ ਧੜੇਬੰਦੀ ਤੋਂ ਤੰਗ ਆ ਕੇ ਉਹ 1723 ਈ. ਵਿੱਚ ਬਿਨਾਂ ਸਮਰਾਟ ਦੀ ਆਗਿਆ ਲਏ ਦੱਖਣ ਚਲਿਆ ਗਿਆ ਤੇ ਦੱਖਣ (ਹੈਦਰਾਬਾਦ) ਦਾ ਸੁਤੰਤਰ ਸ਼ਾਸਕ ਬਣ ਗਿਆ। ਮੁਰਸ਼ਦ ਗੁਲੀ ਖਾਂ ਨੇ ਬੰਗਾਲ ਵਿੱਚ ਸੁਤੰਤਰ ਰਾਜ ਦੀ ਸਥਾਪਨਾ ਕਰ ਲਈ ਅਤੇ ਸਆਦਤ ਖਾਂ ਨੇ ਅਵਧ ਵਿੱਚ ਰਾਜ ਸਥਾਪਿਤ ਕਰ ਲਿਆ। **ਸਤੀਸ਼ ਚੰਦਰਾ** ਦੇ ਕਥਨ ਅਨੁਸਾਰ ਮੁਗਲ ਸਾਮਰਾਜ ਦੇ ਉੱਘੇ ਸਰਦਾਰ ਹੋ ਸਾਮਰਾਜ ਨੂੰ ਮਜ਼ਬੂਤ ਕਰਨ ਲਈ ਉੱਚਿਤ ਨੀਤੀਆਂ ਉਲੀਕਣ ਦੇ ਉਪਾਅ ਕਰਨ ਵਿੱਚ ਸਹਾਇਤਾ ਕਰ ਸਕਦੇ ਸਨ, ਆਪ ਹੀ ਇਸਦੇ ਵਿਘਟਨ ਦਾ ਮੁੱਖ ਕਾਰਨ ਬਣ ਗਏ।

"Thus, the leading nobles who could have helped to institute policies and measures designed to consolidate and strenthen the Mughal Empire, became themselves a prime factor in its disintegration"- Satish Chandra

# ਸੁੰਗੜਦਾ ਹੋਇਆ ਮੁਗਲ ਸਾਮਰਾਜ: ਨਕਸ਼ੇ ਦੀ ਜ਼ੁਬਾਨੀ
## (The Shrinking Mughal Empire: As the Map Speaks)









# ਜਾਟਾਂ ਦੀ ਸ਼ਕਤੀ ਦਾ ਉਭਾਰ
# (Rise of the Jat Power)

ਔਰੰਗਜੇਬ ਦੇ ਸ਼ਾਸਨਕਾਲ ਵਿੱਚ ਮਥੁਰਾ ਅਤੇ ਉਸਦੇ ਆਸ-ਪਾਸ ਦੇ ਜਾਟਾਂ ਨੇ ***ਗੋਕਲ*** ਦੀ ਅਗਵਾਈ ਵਿੱਚ ਵਿਦਰੋਹ ਕਰ ਦਿੱਤਾ। ਗੋਕਲ ਤੋਂ ਬਾਅਦ ***ਰਾਜਾ ਰਾਮ*** ਅਤੇ ***ਚੂਰਾਮਨ*** ਦੀ ਅਗਵਾਈ ਹੇਠ ਸੰਘਰਸ਼ ਜਾਰੀ ਰੱਖਿਆ। 1722 ਈ. ਵਿੱਚ ***ਚੂਰਾਮਨ*** ਦੀ ਮੌਤ ਤੋਂ ਬਾਅਦ ਉਸਦੇ ਭਤੀਜੇ ***ਬਦਨ ਸਿੰਘ*** ਨੇ ਜਾਟਾਂ ਦੀ ਅਗਵਾਈ ਕੀਤੀ, ਖਿੱਲਰੇ ਹੋਏ ਜਾਟਾਂ ਨੂੰ ਇਕੱਠਾ ਕੀਤਾ ਅਤੇ ਸ਼ਕਤੀਸ਼ਾਲੀ ਸੈਨਾ ਦਾ ਸੰਗਠਨ ਕੀਤਾ। ਉਸਨੇ ਭਰਤਪੁਰ ਤੇ ਕਈ ਹੋਰ ਸਥਾਨਾਂ ਤੇ 3 ਕਿਲੇ ਬਣਾਏ ਅਤੇ ਮੁਗਲ ਸਾਮਰਾਜ ਦੀ ਦੁਰਬਲਤਾ ਦਾ ਫਾਇਦਾ ਉਠਾਉਂਦੇ ਹੋਏ ਭਰਤਪੁਰ ਵਿਖੇ ਨਵੇਂ ਰਾਜਵੰਸ਼ ਦੀ ਨੀਂਹ ਰੱਖੀ ਅਤੇ ਮੁਗਲ ਸਮਰਾਟ ਨੇ ਉਸਨੂੰ 1752 ਈ. ਵਿੱਚ ***ਰਾਜਾ*** ਦੀ ਉਪਾਧੀ ਪ੍ਰਦਾਨ ਕੀਤੀ।

# ਰਾਜਪੂਤ ਰਾਜਾਂ ਦਾ ਸੁਤੰਤਰ ਹੋਣਾਂ
# (Independence of Rajput States)

ਔਰੰਗਜੇਬ ਨੇ ਰਾਜਪੂਤਾਂ ਦੇ ਵਿਰੁੱਧ ਯੁੱਧ ਕਰਨ ਦੀ ਨੀਤੀ ਅਪਣਾਈ। ਇਸ ਕਰਕੇ ਰਾਜਪੂਤ ਮੁਗਲ ਸਾਮਰਾਜ ਦੇ ਦੁਸ਼ਮਣ ਬਣ ਗਏ ਅਤੇ ਉਹਨਾਂ ਨੇ ਮੁਗਲਾਂ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਔਰੰਗਜੇਬ ਦੀ ਮੌਤ ਤੋਂ ਬਾਅਦ ਉਹਨਾਂ ਨੇ ਆਪਣੇ ਬਹੁਤ ਸਾਰੇ ਰਾਜਾਂ ਨੂੰ ਸੁਤੰਤਰ ਕਰ ਲਿਆ। ਅਮੇਰ ਜਾਂ ਜੈਪੁਰ ਦੇ ਰਾਜਾ ਜੈ ਸਿੰਘ ਨੇ ਆਪਣੀ ਸ਼ਕਤੀ ਬਹੁਤ ਵਧਾ ਲਈ ਤੇ ਮਾਲਵਾ ਅਤੇ ਆਗਰਾ ਦੇ ਪ੍ਰਾਂਤਾਂ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ। ਮਾਰਵਾੜ ਵਿੱਚ ਅਜੀਤ ਸਿੰਘ ਦਾ ਸੁਤੰਤਰ ਰਾਜ ਕਾਇਮ ਹੋ ਗਿਆ। ਬਾਅਦ ਵਿੱਚ ਕਮਜ਼ੋਰ ਮੁਗਲ ਸ਼ਾਸਕ ਨੇ ਉਸਨੂੰ ਅਜ਼ਮੇਰ ਅਤੇ ਗੁਜਰਾਤ ਦਾ ਸੂਬੇਦਾਰ ਮੰਨ ਲਿਆ। ਮੇਵਾੜ ਅਤੇ ਬੂੰਦੀ ਦੇ ਰਾਜ ਵੀ ਮੁਗਲਾਂ ਤੋਂ ਸੁਤੰਤਰ ਹੋ ਗਏ। ਪ੍ਰੰਤੂ ਉਹਨਾਂ ਨੂੰ ਮਰਾਠਿਆਂ ਨੂੰ ਸਾਲਾਨਾ ਕਰ ਦੇਣ ਦਾ ਵਚਨ ਦੇਣਾ ਪਿਆ।




# ਸਿੱਖਾਂ ਦੀ ਸ਼ਕਤੀ ਦਾ ਉਭਾਰ (1)
# (Rise of the Sikh Power)

1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਬੰਦਾ ਬਹਾਦਰ ਸਿੱਖਾਂ ਦਾ ਰਾਜਨੀਤਿਕ ਨੇਤਾ ਬਣ ਗਿਆ। ਉਸਨੇ ਮੁਗਲਾਂ ਵਿਰੁੱਧ ਸੰਘਰਸ਼ ਜਾਰੀ ਰੱਖਿਆ ਅਤੇ ਕੁੱਝ ਹੀ ਸਾਲਾਂ ਦੇ ਵਿੱਚ (1708-15) ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ। ਪ੍ਰੰਤੂ ਮੁਗਲ ਸਮਰਾਟ ਫਰੁਖਸ਼ੀਅਰ ਨੇ ਅਬਦੁਸ ਸਮੱਦ ਖਾਂ ਦੀ ਅਗਵਾਈ ਇੱਕ ਵੱਡੀ ਸੈਨਾ ਭੇਜੀ ਜਿਸਨੇ ਗੁਰਦਾਸ ਨੰਗਲ ਦੇ ਸਥਾਨ ਤੇ ਬੰਦਾ ਬਹਾਦਰ ਨੂੰ ਬੁਰੀ ਤਰਾਂ ਹਰਾਇਆ ਅਤੇ ਬੰਦੇ ਨੂੰ 740 ਸਿੱਖਾਂ ਸਮੇਤ ਕੈਦੀ ਬਣਾ ਕੇ ਦਿੱਲੀ ਲਿਆਂਦਾ ਗਿਆ ਜਿੱਥੇ ਇਹਨਾਂ ਸਾਰਿਆਂ ਦਾ 1715-16 ਈ. ਵਿੱਚ ਕਤਲ ਕਰ ਦਿੱਤਾ ਗਿਆ।



# ਸਿੱਖਾਂ ਦੀ ਸ਼ਕਤੀ ਦਾ ਉਭਾਰ (2)
# (Rise of the Sikh Power)

ਬੰਦਾ ਬਹਾਦਰ ਦੇ ਕਤਲ ਪਿੱਛੋਂ ਪੰਜਾਬ ਦੇ ਮੁਗਲ ਸੂਬੇਦਾਰਾਂ ਅਬਦੁਸ ਸਮੱਦ ਖਾਂ, ਜ਼ਕਰੀਆ ਖਾਂ, ਅਤੇ ਯਹੀਆ ਖਾਂ (1716–47) ਨੇ ਸਿੱਖਾਂ ਉੱਤੇ ਬੜੇ ਅੱਤਿਆਚਾਰ ਕੀਤੇ ਪ੍ਰੰਤੂ ਸਿੱਖਾਂ ਨੇ ਅਸਾਧਾਰਨ ਸਾਹਸ ਅਤੇ ਵੀਰਤਾ ਦੇ ਨਾਲ਼ ਗੁਰੀਲਾ ਯੁੱਧ ਪ੍ਰਣਾਲ਼ੀ ਅਪਣਾਉਂਦੇ ਹੋਏ ਮੁਗਲਾਂ ਦਾ ਵਿਰੋਧ ਜਾਰੀ ਰੱਖਿਆ। ਮੁਗਲ ਸੂਬੇਦਾਰ ਘੋਰ ਜੁਲਮ ਕਰਨ ਦੇ ਬਾਵਜੂਦ ਸਿੱਖਾਂ ਨੂੰ ਕੁਚਲਣ ਵਿੱਚ ਅਸਫਲ ਰਹੇ। ਉਦੋਂ ਤੱਕ ਪੰਜਾਬ ਤੇ ਅਹਿਮਦ ਸ਼ਾਹ ਅਬਦਾਲੀ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਉਸਨੇ ਮੁਗਲਾਂ ਅਤੇ ਮਰਾਠਿਆਂ ਦੀ ਸ਼ਕਤੀ ਨੂੰ ਕੁਚਲ ਦਿੱਤਾ। ਪਰ ਉਹ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਵਿੱਚ ਅਸਫਲ ਰਿਹਾ। ਸਿੱਟੇ ਵਜੋਂ ਸਿੱਖਾਂ ਦੇ ਪੰਜਾਬ ਵਿੱਚ 12 ਸੁਤੰਤਰ ਰਾਜ ਸਥਾਪਿਤ ਹੋ ਗਏ ਜਿਹਨਾਂ ਨੂੰ ਸਿੱਖ ਮਿਸਲਾਂ ਕਿਹਾ ਜਾਂਦਾ ਹੈ।



# ਮਰਾਠਿਆਂ ਦੀ ਸ਼ਕਤੀ ਦਾ ਉਭਾਰ (1) (Rise of Maratha Power)

ਮਰਾਠਿਆਂ ਦਾ ਸ਼ਕਤੀ ਪ੍ਰਾਪਤ ਕਰਨਾਂ ਮੁਗਲ ਸਾਮਰਾਜ ਦੇ ਪਤਨ ਦਾ ਇੱਕ ਵੱਡਾ ਕਾਰਨ ਮੰਨਿਆਂ ਜਾਂਦਾ ਹੈ। ਔਰੰਗਜੇਬ 20 ਸਾਲਾਂ ਤੱਕ (1687-1707) ਮਰਾਠਿਆਂ ਵਿਰੁੱਧ ਯੁੱਧ ਕਰਦਾ ਰਿਹਾ, ਪ੍ਰੰਤੂ ਉਹ ਉਹਨਾਂ ਦੀ ਸ਼ਕਤੀ ਨੂੰ ਕੁਚਲਣ ਵਿੱਚ ਅਸਫਲ ਰਿਹਾ। ਉਸਦੀ ਮੌਤ ਪਿੱਛੋਂ ਮਰਾਠਿਆਂ ਨੇ ਆਪਣੀ ਸੁਤੰਤਰਤਾ ਲਈ ਸੰਘਰਸ਼ ਜਾਰੀ ਰੱਖਿਆ ਅਤੇ ਸ਼ਿਵਾ ਜੀ ਦੇ ਪੋਤਰੇ ਸ਼ਾਹੂ ਜੀ ਦੀ ਸਤਾਰਾ ਵਿਖੇ 22 ਜਨਵਰੀ 1708 ਨੂੰ ਤਾਜਪੋਸ਼ੀ ਦੀ ਰਸਮ ਹੋਈ। ਉਸਨੇ 1713 ਈ. ਵਿੱਚ ਬਾਲਾ ਜੀ ਵਿਸ਼ਵ ਨਾਥ ਨੂੰ ਆਪਣਾਂ ਪੇਸ਼ਵਾ (ਪ੍ਰਧਾਨ ਮੰਤਰੀ) ਨਿਯੁਕਤ ਕੀਤਾ। ਇਸ ਸਮੇਂ ਤੋਂ ਸ਼ਕਤੀਸ਼ਾਲੀ ਪੇਸ਼ਵਿਆਂ ਦੀ ਸ਼ਕਤੀ ਦਾ ਉਭਾਰ ਹੋਇਆ।



# ਮਰਾਠਿਆਂ ਦੀ ਸ਼ਕਤੀ ਦਾ ਉਭਾਰ (2)
# (Rise of Maratha Power)

ਬਾਲਾ ਜੀ ਨੇ ਮੁਗਲ ਸ਼ਾਸਕਾਂ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਹੋਇਆਂ ਮੁਗਲਾਂ ਦੇ ਬਹੁਤ ਸਾਰੇ ਇਲਾਕੇ ਜਿੱਤ ਲਏ ਜਿਸਦੇ ਤਹਿਤ ਮੁਗਲਾਂ ਨੇ ਖਾਨਦੇਸ਼, ਬਰਾਰ, ਗੌਂਡਵਾਨਾ, ਹੈਦਰਾਬਾਦ, ਕਰਨਾਟਕ ਦੇ ਇਲਾਕੇ ਸ਼ਾਹੂ ਜੀ ਨੂੰ ਦੇ ਦਿੱਤੇ ਅਤੇ ਮੁਗਲਾਂ ਦੇ ਛੇ ਦੱਖਣੀ ਸੂਬਿਆਂ ਤੋਂ ਚੌਥ ਅਤੇ ਸੰਦੇਸ਼ਮੁਖੀ ਉਗਰਾਹੁਣ ਦਾ ਅਧਿਕਾਰ ਵੀ ਦੇ ਦਿੱਤਾ। ਇਸ ਤਰਾਂ ਮਰਾਠਿਆਂ ਨੇ 1761 ਈ. ਤੱਕ ਦੱਖਣੀ ਭਾਰਤ ਅਤੇ ਉੱਤਰੀ ਭਾਰਤ ਦੇ ਮੁਗਲਾਂ ਦਾ ਬਹੁਤ ਸਾਰੇ ਪ੍ਰਦੇਸ਼ਾਂ ਤੇ ਕਬਜ਼ਾ ਕਰ ਲਿਆ। ਪਰ ਪਾਣੀਪਤ ਦੀ ਤੀਜੀ ਲੜਾਈ (1761) ਵਿੱਚ ਮਰਾਠੇ ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਗਏ, ਜਿਸ ਕਾਰਨ ਉਹਨਾਂ ਦਾ ਪੰਜਾਬ ਉੱਤੋਂ ਅਧਿਕਾਰ ਜਾਂਦਾ ਰਿਹਾ। ਪਰ ਫਿਰ ਵੀ ਮਰਾਠਿਆਂ ਦਾ ਭਾਰਤ ਦੇ ਕਾਫੀ ਹਿੱਸਿਆਂ ਉੱਤੇ ਰਾਜ ਸਥਾਪਿਤ ਰਿਹਾ ਅਤੇ ਉਹਨਾ ਨੇ ਮੁਗਲਾਂ ਦੇ ਵਿਘਟਨ ਵਿੱਚ ਬਹੁਤ ਮਹੱਤਵਪੂਰਨ ਹਿੱਸਾ ਪਾਇਆ।



# ਨਾਦਿਰ ਸ਼ਾਹ ਦਾ ਹਮਲਾ
# (Invasion of Nadir Shah)

1738 ਈ. ਵਿੱਚ ਇਰਾਨ ਦੇ ਸ਼ਾਸਕ ਨਾਦਿਰ ਸ਼ਾਹ ਨੇ ਮੁਗਲ ਗਵਰਨਰ ਨਾਸਿਰ ਖਾਂ ਨੂੰ ਹਰਾ ਕੇ ਗਜ਼ਨੀ ਅਤੇ ਕਾਬਲ ਉੱਤੇ ਆਪਣਾ ਅਧਿਕਾਰ ਕਰ ਲਿਆ। ਇਸ ਜਿੱਤ ਤੋਂ ਬਾਅਦ ਉਸਨੇ ਭਾਰਤ ਵੱਲ ਕੂਚ ਕੀਤਾ ਅਤੇ 10 ਦਸੰਬਰ 1738 ਨੂੰ ਸਿੰਧ ਨਦੀ ਨੂੰ ਪਾਰ ਕਰਕੇ ਬਿਨਾਂ ਕਿਸੇ ਰੋਕ-ਟੋਕ ਦੇ ਅੱਗੇ ਵਧਦਾ ਗਿਆ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੇ ਨਾਦਿਰ ਸ਼ਾਹ ਦਾ ਕੋਈ ਵਿਰੋਧ ਨਾ ਕੀਤਾ ਕਿਉਂਕਿ ਉਸਨੂੰ ਦਿੱਲੀ ਤੋਂ ਕੋਈ ਸਹਾਇਤਾ ਪ੍ਰਾਪਤ ਨਹੀਂ ਹੋਈ ਸੀ। 12 ਜਨਵਰੀ 1739 ਨੂੰ ਉਸਨੇ ਨਾਦਿਰ ਸ਼ਾਹ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਉਸਨੂੰ ਵੀਹ ਲੱਖ ਰੁਪਏ ਦੀ ਵੱਡੀ ਰਕਮ ਦਿੱਤੀ। ਲਾਹੌਰ ਤੋਂ ਨਾਦਿਰ ਸ਼ਾਹ ਦਿੱਲੀ ਵੱਲ ਨੂੰ ਚੱਲ ਪਿਆ। ਮੁਗਲ ਸਮਰਾਟ ਮੁਹੰਮਦ ਸ਼ਾਹ ਨੇ ਉਸਦਾ ਟਾਕਰਾ ਕੀਤਾ ਪਰ ਮੁਗਲ ਦਰਬਾਰ ਦੀ ਗੁੱਟਬੰਦੀ ਦੇ ਕਾਰਨ ਬਹੁਤ ਸਾਰੇ ਸਰਦਾਰਾਂ ਨੇ ਇਸ ਭਿਆਨਕ ਸਥਿਤੀ ਵਿੱਚ ਸਮਰਾਟ ਦਾ ਸਾਥ ਨਾ ਦਿੱਤਾ। ਕਰਨਾਲ ਵਿਖੇ ਫਰਵਰੀ 1739 ਵਿੱਚ ਲੜਾਈ ਹੋਈ ਅਤੇ ਤਿੰਨ ਘੰਟਿਆਂ ਦੇ ਵਿੱਚ ਹੀ ਮੁਗਲਾਂ ਨੂੰ ਬੁਰੀ ਤਰਾਂ ਹਰਾ ਦਿੱਤਾ ਗਿਆ ਅਤੇ ਮੁਹੰਮਦ ਸ਼ਾਹ ਨੂੰ ਬੰਦੀ ਬਣਾ ਲਿਆ ਗਿਆ। ਨਾਦਿਰ ਸ਼ਾਹ ਦੇ ਹਮਲੇ ਕਾਰਨ ਅਪਮਾਨਿਤ ਹੋਇਆ ਅਤੇ ਮੁਗਲ ਸਾਮਰਾਜ ਦੀ ਦੁਰਬਲਤਾ ਪ੍ਰਗਟ ਹੋ ਗਈ ਜਿਸਤੋਂ ਸਾਮਰਾਜ ਦੇ ਵਿਰੋਧੀਆਂ ਅਤੇ ਪ੍ਰਾਂਤਾਂ ਦੇ ਸੂਬੇਦਾਰਾਂ ਨੂੰ ਆਪਣੇ ਸੁਤੰਤਰ ਰਾਜ ਸਥਾਪਿਤ ਕਰਨ ਲਈ ਉਤਸ਼ਾਹ ਮਿਲਿਆ। ਨਾਦਿਰ ਸ਼ਾਹ ਦਾ ਹਮਲਾ ਮੁਗਲ ਸਾਮਰਾਜ ਦੇ ਵਿਘਟਨ ਦਾ ਇੱਕ ਵੱਡਾ ਕਾਰਨ ਬਣਿਆਂ।

ਨਾਦਿਰ ਸ਼ਾਹ (ਇਰਾਨੀ ਹਮਲਾਵਰ)
1688-1747



# ਅਹਿਮਦ ਸ਼ਾਹ ਅਬਦਾਲੀ ਦੇ ਹਮਲੇ

# (Invasions of Ahmad Shah Abdali)

1747 ਤੋਂ 1767 ਈ. ਦੌਰਾਨ ਅਫਗਾਨਿਸਤਾਨ ਦੇ ਹਾਕਮ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਅੱਠ ਹਮਲੇ ਕੀਤੇ। ਉਸਨੇ ਪਹਿਲੇ ਚਾਰ ਹਮਲਿਆਂ ਦੇ ਸਿੱਟੇ ਵਜੋਂ ਪੰਜਾਬ ਵਿੱਚ ਮੁਗਲ ਸ਼ਾਸਨ ਦਾ ਖਾਤਮਾ ਕਰ ਦਿੱਤਾ ਅਤੇ ਪੰਜਾਬ ਤੇ ਆਪਣਾ ਅਧਿਕਾਰ ਕਰ ਲਿਆ। 1759-61 ਈ. ਦੌਰਾਨ ਉਸਨੇ ਭਾਰਤ ਉੱਤੇ ਪੰਜਵਾਂ ਹਮਲਾ ਕੀਤਾ ਅਤੇ ਬਿਨਾਂ ਕਿਸੇ ਵਿਰੋਧ ਦੇ ਲਾਹੌਰ ਤੱਕ ਜਾ ਪਹੁੰਚਿਆ। ਉਸਦੀਆਂ ਮਰਾਠਿਆਂ ਦੇ ਨਾਲ਼ ਦਿੱਲੀ ਅਤੇ ਇਸਦੇ ਆਸ-ਪਾਸ ਕਈ ਝੜੱਪਾਂ ਹੋਈਆਂ ਅਤੇ 14 ਜਨਵਰੀ 1761 ਈ. ਨੂੰ ਅਹਿਮਦ ਸ਼ਾਹ ਅਬਦਾਲੀ ਅਤੇ ਮਰਾਠਿਆਂ ਵਿਚਕਾਰ ਪਾਣੀਪਤ ਦੀ ਤੀਜੀ ਲੜਾਈ ਹੋਈ ਜਿਸ ਵਿੱਚ ਮਰਾਠਿਆਂ ਦੀ ਹਾਰ ਹੋਈ ਅਤੇ ਪੰਜਾਬ ਉਹਨਾਂ ਦੇ ਹੱਥੋਂ ਜਾਂਦਾ ਰਿਹਾ। ਅਖੀਰਲੇ ਤਿੰਨ ਹਮਲੇ ਉਸਨੇ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਲਈ ਕੀਤੇ ਪ੍ਰੰਤੂ ਉਹ ਅਸਫਲ ਰਿਹਾ ਅਤੇ ਸਿੱਖਾਂ ਨੇ ਆਪਣੇ ਸੁਤੰਤਰ ਰਾਜ ਸਥਾਪਿਤ ਕਰ ਲਏ ਅਤੇ ਪਿਸ਼ਾਵਰ, ਕਸ਼ਮੀਰ, ਅਟਕ, ਮੁਲਤਾਨ, ਡੇਰਾਗਾਜ਼ੀ ਖਾਂ ਆਦਿ ਪ੍ਰਦੇਸ਼ਾਂ ਉੱਤੇ ਅਫਗਾਨਾਂ ਦਾ ਰਾਜ ਸਥਾਪਿਤ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਮੁਗਲ ਸਾਮਰਾਜ ਦੀ ਕਮਜ਼ੋਰੀ ਨੂੰ ਸਪੱਸ਼ਟ ਕਰ ਦਿੱਤਾ। ਇਰਵਿਨ ਦੇ ਸ਼ਬਦਾਂ ਵਿੱਚ, **"ਇਹਨਾਂ ਹਮਲਿਆਂ ਨੇ ਉਸ ਜਾਦੂ ਦੇ ਪਰਦੇ ਨੂੰ ਚਾਕ ਕਰ ਦਿੱਤਾ ਜਿਸਦੇ ਕਾਰਨ ਲੋਕ ਸ਼ਾਨਦਾਰ ਕੱਪੜਿਆਂ ਨਾਲ਼ ਸਜੇ ਹੋਏ ਮੁਰਦੇ ਨੂੰ ਸ਼ਕਤੀਸ਼ਾਲੀ ਮਨੁੱਖ ਸਮਝੀ ਬੈਠੇ ਸਨ"**।

**"These invasions broke the charm under which men had regarding a gorgeously dressed corpse as a strong man"- Irvine**



ਅਹਿਮਦ ਸ਼ਾਹ ਅਬਦਾਲੀ
1722-72

# ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦਾ ਉਥਾਨ (1)
# (Rise of the Power of English East India Company)

1600 ਈ. ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਭਾਰਤ ਅਤੇ ਦੂਸਰੇ ਪੂਰਬੀ ਦੇਸ਼ਾਂ ਦੇ ਨਾਲ਼ ਵਪਾਰ ਕਰਨ ਦੇ ਲਈ ਕਾਇਮ ਕੀਤੀ ਗਈ ਸੀ। ਅਠਾਰਵੀਂ ਸਦੀ ਵਿੱਚ ਇਸਨੇ ਆਪਣੀ ਸ਼ਕਤੀ ਬਹੁਤ ਵਧਾ ਲਈ ਅਤੇ ਇਹ ਇੱਕ ਰਾਜਨੀਤਿਕ ਸੰਸਥਾ ਵੀ ਬਣ ਗਈ। ਅੰਗਰੇਜਾਂ ਦੀ ਕੰਪਨੀ ਦੇ ਨਾਲ਼-ਨਾਲ਼ ਡੱਚਾਂ, ਪੁਰਤਗਾਲੀਆਂ ਅਤੇ ਫਰਾਂਸੀਸੀਆਂ ਨੇ ਵੀ ਭਾਰਤ ਨਾਲ਼ ਵਪਾਰ ਕਰਨ ਦੇ ਲਈ ਆਪੋ-ਆਪਣੀਆਂ ਕੰਪਨੀਆਂ ਸਥਾਪਿਤ ਕੀਤੀਆਂ। ਅੰਗਰੇਜਾਂ ਨੇ ਡੱਚਾਂ ਅਤੇ ਪੁਰਤਗਾਲੀਆਂ ਦੀ ਸ਼ਕਤੀ ਨੂੰ ਖਤਮ ਕਰ ਦਿੱਤਾ ਅਤੇ ਕੇਵਲ ਅੰਗਰੇਜਾਂ ਅਤੇ ਫਰਾਂਸੀਸੀਆਂ ਦੀਆਂ ਕੰਪਨੀਆਂ ਹੀ ਰਹਿ ਗਈਆਂ। ਅੰਗਰੇਜਾਂ ਅਤੇ ਫਰਾਂਸੀਸੀਆਂ ਵਿੱਚ ਕਈ ਸਾਲਾਂ ਤੱਕ ਸੰਘਰਸ਼ ਚਲਦਾ ਰਿਹਾ, ਅਖੀਰ ਵਿੱਚ ਅੰਗਰੇਜ ਫਰਾਂਸੀਸੀਆਂ ਨੂੰ ਕਰਨਾਟਕਾ ਵਿਖੇ ਤਿੰਨ ਲੜਾਈਆਂ ਵਿੱਚ ਹਰਾਉਣ ਵਿੱਚ ਸਫਲ ਰਹੇ...



ਅੰਗਰੇਜ ਬਨਾਮ ਫਰਾਂਸੀਸੀ: ਕਰਨਾਟਕਾ ਲੜਾਈਆਂ (1746-63)

# ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦਾ ਉਥਾਨ (2)
# (Rise of the Power of English East India Company)

... ਯੂਰਪੀ ਵਿਰੋਧੀਆਂ ਨੂੰ ਆਪਣੇ ਰਸਤੇ ਵਿੱਚੋਂ ਹਟਾਉਣ ਤੋਂ ਬਾਅਦ ਕੰਪਨੀ ਦੇ **ਗਵਰਨਰਾਂ-ਜਨਰਲਾਂ ਨੇ ਸੈਨਾਂ ਅਤੇ ਸਮੁੰਦਰੀ ਸ਼ਕਤੀ** ਤੇ ਆਧਾਰਿਤ ਅਤੇ ਕੂਟਨੀਤੀ ਰਾਹੀਂ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਦੀ ਸਥਾਪਨਾਂ ਦਾ ਕੰਮ ਆਰੰਭ ਕਰ ਦਿੱਤਾ। ਉਸ ਸਮੇਂ ਮੁਗਲ ਸਾਮਰਾਜ ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ ਅਤੇ ਮੁਗਲ ਸ਼ਾਸਕ ਨਿਰਬਲ ਅਤੇ ਅਯੋਗ ਸਨ। ਉਹਨਾਂ ਕੋਲ਼ ਕੋਈ ਸਮੁੰਦਰੀ ਸੈਨਾਂ ਨਹੀਂ ਸੀ। ਅੰਗਰੇਜਾਂ ਨੇ 1757 ਈ. ਵਿੱਚ ਬੰਗਾਲ ਦੇ ਨਵਾਬ ਸਿਰਾਜ-ਉਦ-ਦੌਲਾ ਨੂੰ ਪਲਾਸੀ ਦੀ ਲੜਾਈ ਵਿੱਚ ਅਤੇ 1764 ਈ. ਵਿੱਚ ਮੀਰ ਕਾਸਮ, ਅਵਧ ਦੇ ਨਵਾਬ ਸ਼ੁਜਾ-ਉਦ-ਦੌਲਾ ਅਤੇ ਮੁਗਲ ਸਮਰਾਟ ਸ਼ਾਹ ਆਲਮ ਦੀਆਂ ਸਾਂਝੀਆਂ ਸੈਨਾਵਾਂ ਨੂੰ ਬਕਸਰ ਦੀ ਲੜਾਈ ਵਿੱਚ ਹਰਾਇਆ। 1765 ਈ. ਵਿੱਚ ਅੰਗਰੇਜਾਂ ਨੇ ਮੁਗਲ ਸਮਰਾਟ ਤੋਂ ਬੰਗਾਲ, ਬਿਹਾਰ, ਅਤੇ ਉੜੀਸਾ ਦੀ ਦੀਵਾਨੀ ਦਾ ਅਧਿਕਾਰ ਪ੍ਰਾਪਤ ਕਰ ਲਿਆ ਅਤੇ ਹੌਲ਼ੀ-ਹੌਲ਼ੀ ਭਾਰਤ ਵਿੱਚ ਆਪਣਾਂ ਰਾਜ ਸਥਾਪਿਤ ਕਰਨ ਵਿੱਚ ਸਫਲ ਹੋ ਗਏ।



# ਸਿੱਟਾ
# (Conclusion)

ਉਪਰੋਕਤ ਕਾਰਨਾਂ ਤੋਂ ਸਿੱਧ ਹੁੰਦਾ ਹੈ ਕਿ ਮੁਗਲ ਦਰਬਾਰ ਵਿੱਚ ਬਹੁਤ ਸਾਰੀਆਂ ਮੌਲਿਕ ਕਮਜ਼ੋਰੀਆਂ ਪਾਈਆਂ ਜਾਂਦੀਆਂ ਸਨ, ਜੋ ਉਸਨੂੰ ਅੰਦਰੋ-ਅੰਦਰੀ ਖੋਖਲਾ ਕਰ ਰਹੀਆਂ ਸਨ। 1658 ਈ. ਵਿੱਚ ਔਰੰਗਜੇਬ ਰਾਜਗੱਦੀ ਤੇ ਬੈਠਿਆ। ਉਸਦੇ ਕੱਟੜਪੰਥੀ ਹੋਣ ਕਾਰਨ ਰਾਜਪੂਤਾਂ, ਸਿੱਖਾਂ, ਅਤੇ ਜਾਟਾਂ ਨੇ ਬਗਾਵਤਾਂ ਕਰ ਦਿੱਤੀਆਂ। ਉਹ ਇਹਨਾਂ ਬਗਾਵਤਾਂ ਨੂੰ ਦਬਾਉਣ ਵਿੱਚ ਅਸਫਲ ਰਿਹਾ। ਹੌਲ਼ੀ-ਹੌਲ਼ੀ ਰਾਜਪੂਤਾਂ, ਸਿੱਖਾਂ ਅਤੇ ਜਾਟਾਂ ਨੇ ਆਪਣੇ ਸੁਤੰਤਰ ਰਾਜ ਕਾਇਮ ਕਰ ਲਏ। 1707 ਈ. ਵਿੱਚ ਔਰੰਗਜੇਬ ਦੀ ਮੌਤ ਹੋ ਗਈ। ਉਸਦੇ ਕਮਜ਼ੋਰ ਉੱਤਰਾਧਿਕਾਰੀ ਰਾਜ ਪ੍ਰਬੰਧ ਨੂੰ ਸਹੀ ਢੰਗ ਨਾ਼ਲ ਨਹੀਂ ਚਲਾ ਸਕੇ। ਨਾ ਤਾਂ ਉਹ ਬਾਹਰੀ ਹਮਲਿਆਂ ਦਾ ਟਾਕਰਾ ਕਰ ਸਕੇ ਅਤੇ ਨਾ ਹੀ ਅੰਦਰੂਨੀ ਵਿਦਰੋਹਾਂ ਨੂੰ ਦਬਾ ਸਕੇ। ਮੁਗਲ ਸਾਮਰਾਜ ਨੂੰ ਕਮਜ਼ੋਰ ਕਰਨ ਵਿੱਚ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਵੀ ਬਹੁਤ ਵੱਡਾ ਹਿੱਸਾ ਪਾਇਆ ਤੇ ਉਸਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੱਤਾ। ਹੌਲ਼ੀ-ਹੌਲ਼ੀ ਮੁਗਲ ਸਾਮਰਾਜ ਦਾ ਵਿਘਟਨ ਹੋਣਾਂ ਸ਼ੁਰੂ ਹੋ ਗਿਆ ਅਤੇ ਸੀਮਾਂਵਰਤੀ ਪ੍ਰਾਂਤ ਇਸਤੋਂ ਸੁਤੰਤਰ ਹੋਣ ਲੱਗੇ। ਮਰਾਠਾ ਸ਼ਕਤੀ ਨੇ ਵੀ ਮੁਗਲ ਸਾਮਰਾਜ ਨੂੰ ਕਮਜ਼ੋਰ ਕਰਨ ਵਿੱਚ ਤੇ ਆਪਣਾ ਰਾਜ ਸਥਾਪਿਤ ਕਰਨ ਵਿੱਚ ਬੜਾ ਵੱਡਾ ਹਿੱਸਾ ਪਾਇਆ। ਇਸਤੋਂ ਬਾਅਦ ਭਾਰਤ ਨਾ਼ਲ ਵਪਾਰ ਕਰਨ ਲਈ ਅੰਗਰੇਜਾਂ ਨੇ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕੀਤੀ। ਅੰਗਰੇਜ ਗਵਰਨਰ ਜਨਰਲਾਂ ਨੇ ਬੰਗਾਲ ਤੇ ਅਧਿਕਾਰ ਕਰਨ ਪਿੱਛੋਂ ਰਾਜ ਦਾ ਵਿਸਥਾਰ ਕਰਨ ਦੇ ਸਰਗਰਮ ਯਤਨ ਆਰੰਭ ਕਰ ਦਿੱਤੇ। ਹੌਲ਼ੀ-ਹੌਲ਼ੀ ਮੁਗਲ ਸਾਮਰਾਜ ਅਤੇ ਮਰਾਠਾ ਰਾਜ ਦੇ ਖੰਡਰਾਂ ਉੱਤੇ ਬ੍ਰਿਟਿਸ਼ ਸਾਮਰਾਜ ਦਾ ਨਿਰਮਾਣ ਕਰਨ ਵਿੱਚ ਸਫਲ ਹੋ ਗਏ।




**PROF. JASWINDER SINGH**
**DEPT. OF HISTORY**

AKAL DEGREE COLLEGE MASTUANA SAHIB